# ਕਲਮ ਦੀ ਕਰਾਮਾਤ

ਸਿੱਖ ਬੁੱਕ ਸੈਂਟਰ

# ਕਲਮ ਦੀ ਕਰਾਮਾਤ

ਡਾ: ਬਲਬੀਰ ਸਿੰਘ

ਬਹਾਦਰ ਸ਼ਾਹ ਬਾਦਸ਼ਾਹ ਦੀ ਸਭਾ ਹੈ, ਦਰਬਾਰੀ ਅੱਜ ਵਧੀਕ ਅਦਬ ਨਾਲ ਗਰਦਨ ਝੁਕਾਏ ਬੈਠੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੌਜੂਦ ਹਨ। ਕੁਛ ਪ੍ਰਸ਼ਨ ਉੱਤਰ ਹੋ ਰਹੇ ਹਨ। ਇਕ ਸੱਯਦ ਨੇ ਗੁਰੂ ਜੀ ਅੱਗੇ ਕਰਾਮਾਤ ਬਾਬਤ ਸਵਾਲ ਕੀਤਾ ਤਾਂ ਸਾਹਿਬਾਂ ਉੱਤਰ ਦਿੱਤਾ: ਕਰਾਮਾਤ ਬਹਾਦਰ ਸ਼ਾਹ ਦੇ ਮੂੰਹ ਵਿਚ ਵਸਦੀ ਹੈ। ਇਸ ਮੂੰਹ ਦਾ ਇਕ ਲਫਜ਼ ਗਰੀਬ ਤੋਂ ਅਮੀਰ ਬਣਾ ਦੇਂਦਾ ਹੈ, ਜੀਊਂਦੇ ਨੂੰ ਮਰਵਾ ਦੇਂਦਾ ਹੈ, ਅਪਰਾਧੀ ਦੀ ਜਾਨ ਬਖ਼ਸ਼ ਸਕਦਾ ਹੈ–

ਮਾਰਹਿ ਬਖਸ਼ਹਿ ਦੇਰਿ ਬਿਹੀਨਾ।।<br>
ਤਿਸ ਮੁਖ ਮਹਿਂ ਲਖ ਅਜ਼ਮਤ ਪੀਨਾ।। (ਸੂਰਜ ਪ੍ਰਕਾਸ਼ ੬੨੦੮)

ਸੱਯਦ ਏਸ ਉੱਤਰ ਨਾਲ ਕੁਝ ਖਿਝ ਗਿਆ। ਉਸ ਕਿਹਾ, ਕੀ ਤੁਹਾਡੇ ਪਾਸ ਵੀ ਕੋਈ ਕਰਾਮਾਤ ਹੈ? ਗੁਰੂ ਜੀ ਨੇ ਜੇਬ ਵਿਚੋਂ ਇਕ ਅਸ਼ਰਫੀ ਕੱਢੀ, ਫੇਰ ਕਿਹਾ, ਦੂਜੀ ਕਰਾਮਾਤ ਇਹ ਮੋਹਰ ਹੈ–

ਪਿਖ ਦੀਨਾਰ ਜੂ ਹਾਥ ਹਮਾਰੇ।।<br>
ਇਹੁ ਅਜ਼ਮਤ ਲਿਹੁ ਦੂਤੀ ਬਿਚਾਰੇ।। (ਸੂਰਜ ਪ੍ਰਕਾਸ਼)

ਸੱਯਦ ਝੁੰਜਲਾ ਗਿਆ, ਇਸ ਮਖ਼ੌਲ ਨੇ ਉਸ ਨੂੰ ਛਿੱਥਿਆਂ ਪਾ ਦਿੱਤਾ। ਗੁਰੂ ਜੀ ਨੇ ਕਿਹਾ, ਦੇਖੋ ਸੱਯਦ ਸਾਹਿਬ! ਇਹ ਦੀਨਾਰ ਵੱਡੀ ਕਰਾਮਾਤ ਹੈ, ਏਸੇ ਦੀ ਖ਼ਾਤਰ ਲੋਕ ਲੜਦੇ ਹਨ। ਫੇਰ, ਜਿਸ ਨੂੰ ਇਸ ਦਾ ਲੋਭ ਦਿਓ ਉਸੇ ਨੂੰ ਲੜਾਈ ਵਿਚ ਮਰਵਾ ਲਓ। ਸੱਯਦ ਗੁੱਸੇ ਨਾਲ ਲਾਲ ਪੀਲਾ ਹੋ ਗਿਆ, ਪਰ ਕੁਝ ਕਹਿ ਨਾ ਸਕਿਆ। ਫੇਰ ਜ਼ਰਾ ਠੰਡਾ ਹੋ ਕੇ ਬੋਲਿਆ, ਤੁਹਾਡੇ ਕੋਲ ਵੀ ਕੋਈ ਆਪਣੀ ਕਰਾਮਾਤ ਹੈ?

ਸੁਨਿ ਸੱਯਦ ਬੋਲਯੋ ਤਜਿ ਮੋਨ।। ਤੁਮ ਮਹਿ ਕਰਾਮਾਤ ਹੈ ਕੋਨ।।<br>
(ਸੂਰਜ ਪ੍ਰਕਾਸ਼)

ਇਸ ਦਾ ਗੁਰੂ ਜੀ ਨੇ ਕੀ ਉੱਤਰ ਦਿੱਤਾ? ਸੂਤ ਕੇ ਮਿਆਨ ਵਿਚੋਂ ਤਲਵਾਰ ਖਿੱਚੀ। ਸਾਰੇ ਹੱਕੇ ਬੱਕੇ ਰਹਿ ਗਏ। ਸ਼ਾਹੀ ਦਰਬਾਰ ਦੇ ਅਦਬ ਲਿਹਾਜ਼ ਦੇ ਕਾਇਦਿਆਂ ਅਨੁਸਾਰ ਸਭਾ ਵਿਚ ਬੈਠਿਆਂ ਕਿਸੇ ਦਾ ਤਲਵਾਰ ਨੂੰ ਨੰਗਿਆਂ ਕਰ ਸਕਣਾ ਇਕ ਅਣਹੋਣੀ ਜੇਹੀ ਗੱਲ ਸੀ, ਪਰ ਗੁਰੂ ਜੀ ਦੇ ਰੋਅਬ ਦਾਬ ਅਗੇ

ਬਾਦਸ਼ਾਹ ਖ਼ੁਦ ਝੁਕਦਾ ਸੀ। ਸਾਰਿਆਂ ਦੇ ਮੂੰਹ ਫਿੱਕੇ ਪੈ ਗਏ, ਕਈਆਂ ਦੇ ਘਬਰਾ ਨਾਲ, ਬਾਕੀਆਂ ਦੇ ਤਲਵਾਰ ਦੀ ਚਮਕ ਨਾਲ, ਜਿਸਦੀ ਬਿਜਲੀ ਦਮਕ ਉਪਰ ਕਿਸੇ ਦੀ ਅੱਖ ਟਿਕਦੀ ਨਹੀਂ ਸੀ-

ਸੁਨਿ ਸਤਿਗੁਰ ਸ਼ਮਸ਼ੇਰ ਨਿਕਾਸੀ। ਸਭ ਮਹਿੰ ਛਟਾ ਸਮਾਨ ਪ੍ਰਕਾਸ਼ੀ।।
ਤਤਛਿਨ ਬਦਨ ਪੀਤ ਹੁਇ ਗਏ। ਲੋਚਨ ਸਮੁਖ ਨ ਕਰਤੇ ਭਏ।।

( ਸੂਰਜ ਪ੍ਰਕਾਸ਼)

ਗੁਰੂ ਜੀ ਨੇ ਆਪਣੀ ਤਲਵਾਰ ਵੱਲ ਇਸ਼ਾਰਾ ਕਰਕੇ ਕਿਹਾ : ਸੱਯਦ ਸਾਹਿਬ ! ਇਹ ਹੈ ਸਾਡੀ ਕਰਾਮਾਤ, ਇਹ ਤੇਰਾ ਸਿਰ ਧੜ ਤੋਂ ਜੁਦਾ ਕਰ ਸਕਦੀ ਹੈ। ਇਕ ਛਿਨ ਵਿਚ ਏਸ ਤਰ੍ਹਾਂ ਕਿ ਤੇਰੇ ਸਾਰੇ ਸ਼ੰਕੇ ਮਿਟ ਜਾਣ । ਕੀ ਇਹ ਕਰਾਮਾਤ ਨਹੀਂ !

ਤੇਜ ਦਿਪਤ ਸ੍ਰੀ ਮੁਖ ਤੇ ਕਹੈਂ।। ਇਹ ਭੀ ਕਰਾਮਾਤ ਇਕ ਅਹੈ।।
ਅਬ ਹੀ ਸਿਰ ਉਤਾਰ ਕਰ ਤੇਰਾ।। ਫਲ ਸ਼ਾਖ਼ਾ ਸਮ ਦੇ ਧਰ ਗੇਰਾ।।
ਪੁਨਹਿ ਜੁਆਬ ਸੁਵਾਲ ਨ ਹੋਵੈ।। ਜੀਵਨ ਬਾਦ ਬਾਦ ਕਰ ਖੋਵੈਂ।।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਤਲਵਾਰ ਦੇ ਧਨੀ ਸੇ, ਕਵੀਆਂ ਨੇ ਉਨ੍ਹਾਂ ਦੀ ਤੇਗ ਉਪਰ ਅਨੇਕ ਪ੍ਰਕਾਰ ਦੀਆਂ ਉਪਮਾਂ ਬੰਨ੍ਹੀਆਂ ਹਨ। ਇਕ ਝਗੜਾਲੂ ਦਾ ਬੇ-ਅਦਬ ਮੂੰਹ ਬੰਦ ਕਰਾ ਸਕਣ ਤੋਂ ਇਲਾਵਾ, ਉਸ ਵੇਲੇ ਦੇ ਲੇਖਕਾਂ ਨੇ ਉਨ੍ਹਾਂ ਦੀ ਤਲਵਾਰ ਦੇ ਅਨੇਕਾਂ ਕਰਤੱਵ ਗਿਣੇ ਹਨ। ਹੰਸ ਰਾਮ ਇਕ ਹਜ਼ੂਰੀ ਕਵੀ ਨੇ ਆਖ਼ਰ ਦੀ ਗੱਲ ਕਹਿ ਦਿੱਤੀ, ਜਿਸ ਵੇਲੇ ਉਸ ਨੇ ਤਲਵਾਰ ਨੂੰ ਕਲਪ ਬ੍ਰਿਛ ਨਾਲ ਜਾ ਮਿਲਾਇਆ। ਇਸ ਕਵੀ ਦੇ ਖਿਆਲ ਮੁਜਬ ਇਹ ਤਲਵਾਰ ਹਰ ਕਿਸੇ ਦੀ ਇੱਛਾ ਪੂਰਕ ਹੈ। ਇਹ ਤਲਵਾਰ ਅਪਵਿਤ੍ਰ ਕਾਇਰਾਂ ਦੀ ਜਾਨ ਬਖਸ਼ੀ ਦੀ ਬੇਨਤੀ ਮਨਜ਼ੂਰ ਕਰਦੀ ਹੈ, ਇਹ ਤਲਵਾਰ ਪਵਿੱਤਰ ਬਹਾਦਰਾਂ ਦੀ ਇੱਜ਼ਤ ਵਧਾਉਂਦੀ ਹੈ। ਇਹ ਤਲਵਾਰ ਹਰ ਕਿਸੇ ਨੂੰ ਮੂੰਹ ਮੰਗੀ ਮੁਰਾਦ ਦੇਣ ਵਾਲੀ ਕਲਪ ਬ੍ਰਿਛ ( ਕਾਮਤਰੁ) ਦੀ ਨਿਆਈਂ ਹੈ-

ਸੂਰਨ ਕੀ ਪਤ ਅੰਤਿ ਜਾਨਤ ਜਹਾਨ ਜਾਂਕੇ......
ਮੂਤਨ ਸੁ ਹੀਨ ਨਿਤ ਬਾਢਤ ਪੁਨੀਤ ਹੈ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ।
ਤੇਰੀ 'ਤਲਵਾਰ'ਕਾਮਤਰੂ ਕੀ ਸੀ ਰੀਤਿ ਹੈ।। 3।।

ਤੇਰੀ 'ਤਲਵਾਰ'ਕਾਮਤਰੂ ਕੀ ਸੀ ਰੀਤਿ ਹੈ।। ੩।।

ਅਰਥਾਤ-ਮੂਤਨ ਸੁ ਹੀਨ= ਅਪਵਿਤ੍ਰ ਕਾਇਰਾਂ ਨੂੰ ਨਾ ਮਾਰਨ ਵਾਲੀ ਤਲਵਾਰ। 'ਤਲਵਾਰ', ਪਾਠਾਂਤ੍ਰ 'ਕਰਾਚੋਲੀ'=ਕਿਰਚ।

ਗੁਰੂ ਗੋਬਿੰਦ ਸਿੰਘ ਜੀ ਤੇਗ ਦੇ ਧਨੀ ਸਨ ਬੇਸ਼ੱਕ ! ਪਰ ਨੌਵੇਂ ਪਾਤਸ਼ਾਹ ਦਾ ਨਾਮ ਗੁਰੂ 'ਤੇਗ ਬਹਾਦਰ' ਸੀ । ਕੀ ਉਨ੍ਹਾਂ ਦੇ ਪਾਸ ਵੀ ਕੋਈ ਤੇਗ਼ ਸੀ ? ਜੇ ਸੀ ਤਾਂ ਕਿਹੜੀ ? ਜੇ ਨਹੀਂ ਤਾਂ ਉਨ੍ਹਾਂ ਦਾ ਨਾਮ ਕਿਵੇਂ ਸਫਲ ਸੀ ?

ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਰੂਪੀ ਕਰਾਮਾਤ ਨੂੰ ਸਮਝਣ ਲਈ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਗੁਰੂ ਤੇਗ ਬਹਾਦਰ ਜੀ ਦੀ ਜੀਵਨ ਰੂਪੀ ਕਰਾਮਾਤ ਨੂੰ ਪੂਰੀ ਤਰ੍ਹਾਂ ਸਮਝੀਏ।

ਇਕ ਵੇਰ ਇਕ ਥਾਂ ਦੇ ਖੱਤਰੀ ਔਰੰਗਜ਼ੇਬ ਦੇ ਖਾਸ ਜ਼ੋਰ ਜਬਰ ਦਾ ਨਿਸ਼ਾਨਾ ਸਨ। ਵਿਚਾਰਿਆਂ ਨੇ ਆਪਣੀ ਜਿੰਦ ਛੁਡਾਉਣ ਲਈ ਇਹ ਜਵਾਬ ਦਿੱਤਾ ਕਿ ਅਸੀਂ ਤਾਂ ਬ੍ਰਾਹਮਣਾਂ ਦੇ ਮਗਰ ਹਾਂ, ਜੇ ਉਨ੍ਹਾਂ ਨੂੰ ਤੁਸੀਂ ਮੁਸਲਮਾਨ ਬਣਾ ਲਓ ਤਾਂ ਅਸੀਂ ਸਾਰੇ ਦੇ ਸਾਰੇ ਆਪੇ ਮਗਰੇ ਬਣ ਗਏ ਸਮਝੋ। ਖੱਤਰੀ ਹਿੰਦੂਆਂ ਨੇ ਆਪਣੀ ਬਲਾ ਬ੍ਰਾਹਮਣਾਂ ਦੇ ਗਲ ਪਾ ਦਿੱਤੀ-

ਗ੍ਰਿਬ ਹਿੰਦੂਅਨ ਯੌ ਛਲ ਕੀਨ।।
ਆਪਨ ਲੀਨੀ ਗੈਲ ਛੁਡਾਇ।।
ਬਾਹਮਣ ਗਲ ਪਾ ਦਈ ਬਲਾਇ।। (ਪ੍ਰਾਚੀਨ ਪੰਥ ਪ੍ਰ : ਸਫਾ ੩੫)

ਕੁਝ ਬ੍ਰਾਹਮਣਾਂ ਨੂੰ ਕਿਹਾ ਗਿਆ ਕਿ ਉਹ ਜਾਂ ਇਸਲਾਮ ਕਬੂਲਣ ਜਾਂ ਮੁਲਕ ਛੱਡ ਜਾਣ ਨਹੀਂ ਤਾਂ ਸਾਲ ਦੇ ਅੰਦਰ ਅੰਦਰ ਮਾਰ ਦਿੱਤੇ ਜਾਣਗੇ।

ਏਹੋ ਬ੍ਰਾਹਮਣ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਏ। ਇਨ੍ਹਾਂ ਦੇ ਦੁਖੜਿਆਂ ਦਾ ਹਾਲ ਪੱਥਰਾਂ ਨੂੰ ਮੋਮ ਕਰਨ ਵਾਲਾ ਸੀ। ਇਨ੍ਹਾਂ ਨੂੰ ਪਤਾ ਸੀ ਕਿ ਇਹ ਗੁਰੂ 'ਤੇਗ ਬਹਾਦਰ' ਹੈ, ਇਹ ਖੜਗ ਉਠਾ ਸਕਦਾ ਹੈ। ਜੇ ਇਹ ਅੱਗੇ ਹੋਵੇ ਤਾਂ ਸਾਰੇ ਹਿੰਦੂ ਇਸਦੇ ਮਗਰ ਤੁਰ ਪੈਣਗੇ-

ਤੁਮ ਛੱਤ੍ਰੀ ਹੋ ਖੜਗ ਉਠਾਵੋ।
ਸਭ ਹਿੰਦੂਅਨ ਕੋ ਗੈਲ ਲਗਾਵੋ। (ਸੂਰਜ ਪ੍ਰਕਾਸ਼)

ਇਹ ਇਕ ਅਜੀਬ ਮਾਜਰਾ ਸੀ ਕਿ ਖੱਤਰੀਆਂ ਨੇ ਗਲ ਬ੍ਰਾਹਮਣਾਂ ਉਪਰ ਸੁੱਟੀ। ਬ੍ਰਾਹਮਣ ਫੇਰ ਇਕ ਖੱਤਰੀ ਨੂੰ ਹੀ ਅੱਗੇ ਕਰਨ ਲਈ ਉਕਸਾਹਟ ਦੇਣ

ਲੱਗੇ। ਪਰ ਇਹ ਖੱਤਰੀ ਅਸਲ ਅਰਥਾਂ ਵਿੱਚ ਖੱਤਰੀ ਸੀ।

ਗੁਰੂ ਤੇਗ ਬਹਾਦਰ ਜੇ ਦੀਨ ਵਟਾ ਲਵੇ ਤਾਂ ਬ੍ਰਾਹਮਣ ਅਤੇ ਖੱਤਰੀ ਸਾਰੇ ਮੁਸਲਮਾਨ ਹੋ ਜਾਣਗੇ। ਏਸ ਗੱਲ ਲਈ ਗੁਰੂ ਜੀ ਨੂੰ ਦਿੱਲੀ ਦੀ ਕੈਦ ਵਿੱਚ ਕਸ਼ਟ ਭੋਗਣੇ ਪਏ। ਇਕ ਮੁਗਲ ਨੇ ਆ ਕੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਜੋ ਸੱਚੇ ਪਾਤਸ਼ਾਹ ਸਦਾਉਂਦੇ ਹੋ , ਕੋਈ ਕਰਾਮਾਤ ਕਰਕੇ ਦਿਖਾਓ ਤਦ ਅਸੀਂ ਅਪਣੇ ਆਪ ਨੂੰ ਝੂਠਾ ਮੰਨ ਲਵਾਂਗੇ-

ਅਕੈ ਦਿਖਾਇਓ ਕਰਾ ਸੁ ਮਾਤ।
ਜਿਮ ਗੁਰੂ ਅਖਾਵੈਂ ਦਿਖਾਓ ਸੋਊ ਬਾਤ।
ਜਿਮ ਤੁਮ ਪਾਤਸ਼ਾਹ ਸੱਚੇ ਸਦਾਵੈਂ।
ਜਿਮ ਕਰ ਹਮ ਕੋ ਝੂਠੇ ਠਹਿਰਾਵੈਂ।। (ਪ੍ਰਾ: ਪੰ: ਪ੍ਰ:)

ਕੇਵਲ ਇਕ ਕਰਾਮਾਤ ਦਿਖਾਉਣ ਲਈ ਗੁਰੂ ਜੀ ਤਿਆਰ ਹੋ ਗਏ। ਉਨ੍ਹਾਂ ਕਿਹਾ : ਸਾਡੀ ਕਰਾਮਾਤ ਇਹ ਹੈ ਕਿ ਤੁਸੀਂ ਤੇਜ਼ ਤੋਂ ਤੇਜ਼ ਤਲਵਾਰ ਲੈ ਲਓ ਉਸ ਨਾਲ ਸਾਡਾ ਸਿਰ ਕਟੋ ਪਰ ਇਹ ਕੱਟਿਆ ਨਹੀਂ ਜਾਏਗਾ-

ਹਮਰੇ ਸਿਰ ਕੋ ਤੇਗ ਲਗੱਯੇ।।
ਕਟੈ ਨ ਸੋ ਕਰਾਮਾਤ ਦਿਖੱਯੇ।। (ਪ੍ਰ: ਪੰ: ਪ੍ਰ:)

ਬਰੀਕ ਧਾਰ ਵਾਲੀ ਤੇਜ਼ ਤਲਵਾਰ ਲਿਆਂਦੀ ਗਈ। ਇਕ ਕਾਰੀਗਰ ਤਲਵਰੀਏ ਨੇ ਪੂਰੀ ਲਚਕ ਨਾਲ ਘੁਮਾਉਣੀ ਕੀਤੀ। ਗੁਰੂ ਜੀ ਇਸ਼ਨਾਨ ਕਰਕੇ ਚੌਂਕੀ ਤੇ ਅਡੋਲ ਚਿਤ ਬੈਠੇ ਸਨ। ਤਲਵਾਰ ਦੀ ਧਾਰ ਬੜੀ ਸਫ਼ਾਈ ਨਾਲ ਗਰਦਨ ਵਿਚੋਂ ਪਾਰ ਹੋ ਗਈ। ਸਿਰ ਧੜ ਤੋਂ ਜੁਦਾ ਹੋ ਗਿਆ। ਤਮਾਸ਼ਬੀਨਾਂ ਨੂੰ ਬੜੀ ਨਾ-ਉਮੈਦੀ ਹੋਈ। ਕਿਸੇ ਕਰਾਮਾਤੀ ਜਾਦੂ ਦੀ ਖੇਡ ਉਨ੍ਹਾਂ ਦੇ ਪੱਲੇ ਨਾ ਪਈ।

ਪਰ ਕਰਾਮਾਤ ਹੈ ਕੀ ਚੀਜ਼? ਏਮਰਸਨ ਕਹਿੰਦਾ ਹੁੰਦਾ ਸੀ ਕਿ ਅਸਲ ਕਰਾਮਾਤ ਆਪਣੇ ਆਪ ਦੀ ਕੁਰਬਾਨੀ ਹੈ। ਏਸ ਕਰਾਮਾਤ ਤੋਂ ਬਾਕੀ ਦੀਆਂ ਸਾਰੀਆਂ ਅਖਾਉਤੀ ਕਰਾਮਾਤਾਂ ਉਪਜਦੀਆਂ ਹਨ (Self Sacrifice is the real miracle out of which all the reported miracles grow)। ਪਰ ਇਹ ਕਰਾਮਾਤ ਉਹੋ ਹੀ ਕਰ ਸਕਦਾ ਹੈ ਜਿਸਨੂੰ ਆਪਾ ਵਾਰਨ ਲਈ ਕਿਸੇ ਸੋਚ ਦੀ ਲੋੜ ਨਹੀਂ ਪੈਂਦੀ, ਨਾ ਹੀ ਉਸਦੇ ਅੰਦਰ ਇਹ ਸ਼ੰਕਾ ਫੁਰਦਾ ਹੈ ਕਿ ਕੀ ਮੇਰੀ ਕੁਰਬਾਨੀ ਕਿਤੇ ਵਿਅਰਥ ਤਾਂ ਨਹੀਂ। ਪੁਰਾਤਨ ਈਸਾਈਆਂ ਵਿੱਚ ਇਹ

ਪ੍ਰਚਲਿਤ ਕਹਾਵਤ ਸੀ :-

*He never errs who sacrifices himself ਕਿ ਆਪਾ ਵਾਰਨਾ ਕਦੇ ਭੁੱਲ ਨਹੀਂ। ਕੀ ਜੇ ਦੁਨੀਆਂ ਅੱਜ ਆਪਾ ਵਾਰਨ ਦਾ ਸਬਕ ਮੁੜ ਪੜ੍ਹ ਲਵੇ ਤੇ ਹਰ ਛਿਨ ਏਸ ਉਪਰ ਅਮਲ ਲਈ ਤਤਪਰ ਰਹੇ ਤਾਂ ਕੋਈ ਐਸੀ ਮੁਸ਼ਕਲ ਹੈ ਜੋ ਬਾਕੀ ਰਹਿ ਜਾਵੇ ?* ਪਰ ਦਿੱਕਤ ਏਹੋ ਹੈ ਕਿ ਇਹ ਸਬਕ ਲੇਖਾਂ ਦਵਾਰਾ ਨਹੀਂ ਪੜ੍ਹਾਇਆ ਜਾ ਸਕਦਾ, ਨਾ ਹੀ ਇਹ ਲੈਕਚਰ ਬਾਜ਼ੀ ਦਾ ਵਿਸ਼ਯ ਹੈ, ਨਾ ਹੀ ਇਹ ਉਸ ਹੱਲਾਸ਼ੇਰੀ ਨਾਲ ਪੈਦਾ ਹੋ ਸਕਦਾ ਹੈ ਜੋ ਕਾਇਰਾਂ ਨੂੰ ਜੋਸ਼ ਦੁਆਉਣ ਵਿੱਚ ਤਾਂ ਕਾਮਯਾਬ ਹੁੰਦੀ ਹੈ ਪਰ ਮੈਦਾਨ ਵਿੱਚ ਸਾਬਤ ਕਦਮ ਰੱਖਣ ਵਿੱਚ ਨਹੀਂ। ਏਸ ਸਬਕ ਦਾ ਉਸਤਾਦ ਓਹੀ ਹੋ ਸਕਦਾ ਹੈ ਜੋ ਆਪ ਆਪਾ ਵਾਰੇ ਤੇ ਦਿਖਾ ਦੇਵੇ ਕਿ "ਐਉਂ" ਐਸੇ ਅਮਲੀ ਕਰਤੱਵ ਦੇ ਉਸਤਾਦ ਉਸ ਸਮੇਂ ਕੇਵਲ ਗੁਰੂ ਤੇਗ ਬਹਾਦਰ ਜੀ ਹੀ ਸਨ। ਗੁਰੂ ਜੀ ਨੂੰ ਉਸ ਵੇਲੇ ਦੀ ਜ਼ਰੂਰਤ ਦਾ ਪਤਾ ਸੀ ਜੋ ਏਸ ਸੀਸ ਭੇਟ ਨਾਲ ਹੀ ਪੂਰੀ ਹੋ ਸਕਦੀ ਸੀ।"

ਉਸ ਵੇਲੇ ਜ਼ਰੂਰਤ ਸੀ ਧਰਤੀ ਵਿੱਚ ਸਿਰ ਦਾ ਬੀਜ ਬੀਜਣ ਦੀ ਤੇ ਬੀਜ ਦੀ ਕਰਾਮਾਤ ਦਿਖਾਉਣ ਦੀ। ਬੀਜ ਜੋ ਕਿ ਆਪਾ ਵਾਰਦਾ ਹੋਇਆ ਵੀ ਨਹੀਂ ਵਾਰਿਆ ਜਾਂਦਾ ਤੇ ਅਨੇਕ ਗੁਣਾਂ ਹੋ ਕੇ ਧਰਤੀ ਵਿਚੋਂ ਉਗਮ ਪੈਂਦਾ ਹੈ।

ਇਕ ਖੇਤ ਵਿੱਚ ਡਿੱਗੇ ਬੀਜ ਦਾ ਕੁਛ ਨਹੀਂ ਵਿਗੜਦਾ, ਉਸਦੀ ਅੰਦਰਲੀ ਚੇਤਨ ਸੱਤਾ ਕੇਵਲ ਬਾਹਰ ਦੇ ਛਿਲਕੇ ਨੂੰ ਠੀਕਰ ਵਤ ਫੋੜਕੇ ਪੱਲਰ ਪੈਂਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਸਾਕੇ ਬਾਬਤ ਤਦੇ ਕਿਹਾ ਹੈ :-

ਠੀਕਰ ਫੋਰਿ ਦਿਲੀਸ ਸਿਰ ਪ੍ਰਭ ਪੁਰ ਕੀਆ ਪਿਆਨ।।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।। (ਪਾ: ੧੦)

ਇੰਗਲਿਸਤਾਨ ਵਿੱਚ ਇਕ ਸ਼ਹਿਰ ਹੈ, ਇਸ ਦਾ ਨਾਮ ਹੈ ਬੈਰੀ ਸੈਂਟ ਐਡਮੰਡ (Bury St. Edmunds)। ਏਥੇ ਇਕ ਯਾਦਗਾਰ ਹੈ। ਇਕ ਬਾਦਸ਼ਾਹ ਦੇ ਸਿਰ ਦੀ ਕਬਰ ਹੈ, ਜਿਸ ਨੇ ਧਰਮ ਦੀ ਖ਼ਾਤਰ ਆਪਣਾ ਸੀਸ ਕਟਵਾਇਆ ਸੀ। ਇਹ ਅੱਜ ਤੋਂ ਹਜ਼ਾਰ ਵਰ੍ਹੇ ਪਹਿਲੇ ਦੀ ਗੱਲ ਹੈ। ਓਨ੍ਹੀਂ ਦਿਨੀਂ ਇੰਗਲਿਸਤਾਨ ਉਪਰ ਡੈਨਮਾਰਕ ਵਾਲਿਆਂ ਦੇ ਹਮਲੇ ਹੁੰਦੇ ਸਨ। ਏਹ ਸਿਰਫ ਮੁਲਕੀ ਲੜਾਈਆਂ ਹੀ ਨਹੀਂ ਸਨ, ਇਨ੍ਹਾਂ ਵਿੱਚ ਮਜ਼੍ਹਬੀ ਝਗੜਿਆਂ ਦੀ ਰੰਗਤ ਰਲੀ ਹੋਈ ਸੀ। ਅੰਗਰੇਜ਼ਾਂ ਦਾ ਆਗੂ ਐਡਮੰਡ ਨਾਮ ਦਾ ਆਦਮੀ ਸੀ। ਇਕ ਲੜਾਈ ਵਿੱਚ

ਐਡਮੰਡ ਨੂੰ ਹਾਰ ਹੋਈ। ਐਡਮੰਡ ਈਸਾਈ ਸੀ। ਮੁਕਾਬਲੇ ਦੀ ਫੌਜ ਦੇਵ ਪੁਜਾਰੀ (Heathens) ਸੀ। ਐਡਮੰਡ ਪਕੜਿਆ ਗਿਆ। ਜਿੱਤੀ ਹੋਈ ਫੌਜ, ਜੋ ਡੈਨਮਾਰਕ ਵਾਲਿਆਂ ਦੀ ਸੀ, ਦੇ ਪੇਸ਼ ਕੀਤਾ ਗਿਆ। ਐਡਮੰਡ ਨੂੰ ਕਿਹਾ ਗਿਆ ਕਿ ਉਹ ਆਪਣਾ ਮਜ਼੍ਹਬ ਵਟਾ ਲਵੇ ਤਾਂ ਉਸ ਨੂੰ ਮੁੜ ਬਾਦਸ਼ਾਹਤ ਪ੍ਰਾਪਤ ਹੋ ਸਕਦੀ ਹੈ, ਪਰ ਐਡਮੰਡ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਆਖ਼ਰ ਹੋਇਆ ਕੀ ? ਐਡਮੰਡ ਨੂੰ ਇਕ ਦਰੱਖ਼ਤ ਨਾਲ ਬੰਨ੍ਹ ਦਿੱਤਾ ਗਿਆ। ਦੇਵ ਪੂਜ ਫੌਜੀਆਂ ਨੂੰ ਆਪਣੀ ਤੀਰ ਅੰਦਾਜ਼ੀ ਦੀ ਮਸ਼ਕ ਲਈ ਚਾਂਦ-ਮਾਰੀ ਦਾ ਇਕ ਜੀਊਂਦਾ ਜਾਗਦਾ ਚੰਦ (Target) ਲੱਭ ਪਿਆ। ਕਈ ਮੁਸੱਵਰਾਂ ਨੇ ਏਸ ਘਟਨਾ ਦੀਆਂ ਤਸਵੀਰਾਂ ਬਣਾਈਆਂ ਹਨ ਜੋ ਇਤਨੀਆਂ ਦਰਦਨਾਕ ਹਨ ਕਿ ਵੇਖਣ ਵਾਲੇ ਦੇ ਦਿਲ ਵਿੱਚ ਅਨੇਕ ਤੀਰਾਂ ਦੀ ਚੋਭ ਕਸਕਣ ਲੱਗ ਪੈਂਦੀ ਹੈ। ਪਰ ਐਡਮੰਡ ਖਵਰੇ ਕਿਸ ਚਿਕਣੀ ਮਿੱਟੀ ਦਾ ਪੁਤਲਾ ਸੀ, ਉਸ ਨੂੰ ਦਰਦ ਨਹੀਂ ਹੁੰਦਾ ਸੀ।

ਇਕ ਉੱਘੇ ਲੇਖਕ ਨੇ ਆਖਿਆ ਹੋਇਆ ਹੈ ਕਿ ਸ਼ਹੀਦਾਂ ਨੂੰ ਕਦੇ ਪੀੜ ਨਹੀਂ ਹੁੰਦੀ, ਕੇਵਲ ਨਜ਼ਦੀਕ ਖੜੇ ਤੇ ਦੇਖਣ ਵਾਲਿਆਂ ਨੂੰ ਹੀ ਹੁੰਦੀ ਹੈ, ਪਰ ਏਸ ਪੁਰਾਣੀ ਘਟਨਾ ਦੀ ਤਸਵੀਰ ਵੇਖਣ ਨਾਲ ਅੱਜ ਵੀ ਵੈਸੀ ਹੀ ਦਰਦ ਛਿੜਦੀ ਹੈ ਜੋ ਉਸ ਵੇਲੇ ਦੇ ਹਮਦਰਦ ਨਜ਼ੀਕੀਆਂ ਨੂੰ ਹੋਈ ਹੋਣੀ ਹੈ।

ਜ਼ਾਲਮ ਛੋਕਰ ਆਪਣੀ ਇਸ ਬੇਦਰਦ ਖੇਡ ਤੋਂ ਤੰਗ ਪੈ ਗਏ ਅਤੇ ਐਡਮੰਡ ਦਾ ਤਲਵਾਰ ਨਾਲ ਸਿਰ ਕੱਟ ਦਿੱਤਾ। ਐਡਮੰਡ ਦੇ ਆਦਮੀ ਏਸ ਸਿਰ ਦੀ ਤਲਾਸ਼ ਕਰਦੇ ਰਹੇ ਜੋ ਮੁਸ਼ਕਲ ਨਾਲ ਲੱਭਾ ਤੇ ਜਿਸ ਦਾ ਮਕਬ਼ਰਾ ਬੜੇ ਸਤਿਕਾਰ ਨਾਲ ਬਣਾਇਆ ਗਿਆ ਇਕ ਜਗ੍ਹਾ, ਜਿਸ ਦਾ ਨਾਮ ਪੈ ਗਿਆ *'ਬੈਰੀ ਸੈਂਟ ਐਡਮੰਡ'।*

ਐਡਮੰਡ ਦੀ ਮੌਤ ਦੇ ਬਾਦ ਹੀ ਇੰਗਲਿਸਤਾਨ ਦੀ ਤਵਾਰੀਖ ਦਾ ਉਹ ਪੱਤਰਾ ਉਥਲਿਆ ਜਾਂਦਾ ਹੈ, ਜਿਸ ਨਾਲ ਵਿਦੇਸ਼ੀ ਜ਼ੁਲਮ ਘੱਟ ਜਾਂਦਾ ਹੈ, ਮੁਲਕ ਅਤੇ ਮਜ਼੍ਹਬ ਦੀ ਤਰੱਕੀ ਪੱਕੀਆਂ ਲੀਹਾਂ ਉਪਰ ਖੜੀ ਹੋ ਜਾਂਦੀ ਹੈ। ਐਡਮੰਡ ਦੀ ਯਾਦਗਾਰ ਵਿੱਚ ਕਈ ਗਿਰਜੇ ਬਣੇ ਹੋਏ ਹਨ, ਕਈਆਂ ਵਿੱਚ ਇਹ ਲਫ਼ਜ਼ ਲਿਖੇ ਹੋਏ ਲਟਕੇ ਹੋਏ ਹਨ : **The blood of martyrs is the seed of the Church** ਕਿ ਸ਼ਹੀਦਾਂ ਦਾ ਖ਼ੂਨ ਮਜ਼੍ਹਬ ਦਾ ਬੀਜ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਜੀਵਨ ਕਰਤੱਵ' ਨੌਂ ਬਰਸ ਦੀ ਉਮਰ ਤੋਂ

ਸ਼ੁਰੂ ਹੁੰਦਾ ਹੈ। ਇਹ ਉਸ ਫਸਲ ਨੂੰ ਤਿਆਰ ਕਰਨ ਹਿੱਤ ਸੀ ਜਿਸ ਦਾ ਬੀਜ ਗੁਰੂ ਤੇਗ ਬਹਾਦਰ ਜੀ ਨੇ 'ਵਾਹੀ ਦੇ ਖੇਤ' ਵਿੱਚ ਨਹੀਂ, ਪ੍ਰੰਤੂ 'ਰਣ ਖੇਤ' ਵਿੱਚ ਬੀਜਿਆ ਸੀ। ਅਨੇਕਾਂ ਹੀ ਐਸੇ ਸੂਰੇ ਉਪਜ ਪਏ ਜੋ ਸਿਰ ਦੀ ਕਰਾਮਾਤ ਦਿਖਾਉਣ ਲਈ ਕਾਹਲੇ ਸਨ। ਪਹਿਲੇ ਪੰਜਾਂ ਪਿਆਰਿਆਂ ਨੇ ਆਪਣੇ ਸੀਸ ਭੇਟ ਕੀਤੇ। ਇਕ ਜਣਾ ਤੰਬੂ ਵਿੱਚ ਵਾਰੋ ਵਾਰੀ ਸਿਰ ਕਟਾਉਣ ਲਈ ਗਿਆ। ਪਰ ਸਿਰ ਕਿਸੇ ਦਾ ਨਾ ਕੱਟਿਆ ਗਿਆ।

ਇਨ੍ਹਾਂ ਦਾ ਸਿਰ ਕਿਸ ਤਰ੍ਹਾਂ ਕੱਟਿਆ ਜਾਂਦਾ? ਇਹ ਤਾਂ ਆਪ ਸਿਰ ਨੂੰ ਆਪਣੀ ਤਲੀ ਉਪਰ ਰੱਖਕੇ ਪ੍ਰੇਮ ਖੇਲਣ ਦੇ ਚਾਉ ਹਿਤ ਪਿਆਰ ਦੀ ਗਲੀ ਵਿੱਚ ਉਸਦੇ ਸੱਦੇ ਉਪਰ ਵ[illegible] ਚੜ੍ਹਾਉਣ ਤੁਰ ਪਏ ਸਨ।

ਜੀਉਂਦਿਆਂ ਜੀ [illegible] ਦੇ ਸਿਰਾਂ ਨੂੰ ਹਥੇਲੀ ਉਤੇ ਜੋਖ਼ (balance) ਲੈਣਾ, ਏਹੋ ਹੀ ਸਿਰ [illegible] ਕਰਾਮਾਤ ਹੈ ਜੋ ਗਰਦਨ ਕੱਟਣ ਨਾਲ ਨਹੀਂ ਕਟੀਂਦਾ, ਕਿਉਂਕਿ ਉਹ ਤਾਂ ਤਲੀ ਦੇ ਧਰਮ ਕੰਡੇ ਉਤੇ ਤੁਲਿਆ ਖੜੋਤਾ ਗਰਦਨ ਵਲ ਸੇਧੀ ਹੋਈ ਤਲਵਾਰ ਉਪਰ ਹੱਸ ਰਿਹਾ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜਿਤਨੇ ਵੀ ਕੰਮ ਸਾਧੇ, ਇਕ ਤੋਂ ਦੂਜਾ ਵਧੀਕ ਕਠਨ ਸੀ। ਇਨ੍ਹਾਂ ਸਾਰੀਆਂ ਮੁਸ਼ਕਲਾਂ ਵਿੱਚ ਜੋ ਜ਼ਿਆਦਾ ਦਿੱਕਤ ਦੀ ਗੱਲ ਸੀ ਉਹ ਸੀ ਹਰ ਮਾਮਲੇ ਦਾ ਇਖ਼ਲਾਕੀ (Moral) ਪਹਿਲੂ। ਇਖ਼ਲਾਕ ਦੀ ਬਾਹਰਲੀ ਸ਼ਕਲ ਬੇਸ਼ੱਕ ਕਿਸੇ ਸਦਾਚਾਰ (Conduct) ਦੇ ਵੇਸ ਵਿੱਚ ਨਜ਼ਰ ਆਉਂਦੀ ਹੈ, ਪਰ ਉਪਰਲੇ ਕਰਤੱਵਾਂ ਦੇ ਹੇਠਾਂ ਇਖ਼ਲਾਕ ਕਿਸੇ ਅੰਦਰ ਦੀ ਫਿਲਾਸਫੀ ਉਤੇ ਨਿਰਭਰ ਹੁੰਦਾ ਹੈ।

ਪਰ ਹਿੰਦੂ ਇਖ਼ਲਾਕ ਤੇ ਮੁਸਲਿਮ ਇਖ਼ਲਾਕ ਵਿੱਚ ਫਰਕ ਹੈ। ਹਿੰਦੂ ਇਖ਼ਲਾਕ ਗਿਆਨ ਆਸਰੇ ਹੈ, ਅਰ ਮੁਸਲਿਮ ਇਖ਼ਲਾਕ ਸ਼ਰ੍ਹਾ ਅਧੀਨ ਹੈ। ਸ਼ਰ੍ਹਾ ਦਾ ਮਜ਼੍ਹਬ ਦਵੈਤ ਆਸਰੇ (Dualistic) ਹੈ। ਜਿਸ ਦਾ ਮਤਲਬ ਇਹ ਹੈ ਕਿ ਰੱਬ ਦੇ ਮੁਕਾਬਲੇ ਉਪਰ ਸ਼ੈਤਾਨ ਹੈ। ਦੋਨਾਂ ਦੀ ਲੜਾਈ ਹੈ। ਮਜ਼੍ਹਬ ਦੀਆਂ ਸਾਰੀਆਂ ਖ਼ੂਬੀਆਂ ਏਸ ਸੰਗ੍ਰਾਮ ਦੇ ਆਸਰੇ ਖੜੀਆਂ ਹਨ। ਇਸ 'ਮਜ਼੍ਹਬ' ਦੀ ਸਾਰੀ ਕਵਿਤਾ, ਨਾਟਕ, ਧਾਰਮਕ ਲਿਟ੍ਰੇਚਰ, ਗੱਲ ਕੀ, ਹਰ ਮਾਮਲੇ ਵਿੱਚ ਸ਼ੈਤਾਨ ਤੇ ਰੱਬ ਦੇ ਪਰਸਪਰ ਵਿਖਾਂਧ ਦੀ ਲਹਿਰ ਰੁਮਕ ਰਹੀ ਹੈ। ਇਸ ਦਾ ਨਤੀਜਾ ਇਹ ਹੈ ਕਿ ਸ਼ਰ੍ਹਾ ਦਾ ਇਖ਼ਲਾਕ ਆਪਣੇ ਆਪ ਵਿੱਚ ਇਕ ਯਕਰੁਖ਼ੀ ਜੇਹੀ ਚੀਜ਼ ਬਣ ਗਈ ਹੈ, ਨੇਕੀ ਅਤੇ ਬਦੀ ਦੇ ਫਰਕ ਦੀ ਤਿੱਖੀ ਪਛਾਣ ਹੈ। ਨੇਕੀ ਅਤੇ ਬਦੀ ਦਾ ਕਦੇ

ਸਮਝੌਤਾ ਨਹੀਂ ਹੋ ਸਕਦਾ, ਦੋਨਾਂ ਦੀ ਲੜਾਈ ਅੰਤ ਤੱਕ ਹੈ। ਸਿਰਫ ਇਕ ਰਹਿ ਸਕਦੀ ਹੈ ਦੋ ਨਹੀਂ। ਸ਼ਰ੍ਹਾ ਦੇ ਖਿਆਲ ਵਿੱਚ ਜਿਤਨੇ ਵੀ ਉਸ ਦੇ ਵਿਰੋਧੀ ਹਨ ਓਹ ਸ਼ੈਤਾਨ ਦੇ ਪੱਖ ਦੇ ਹਨ, ਏਸ ਕਰਕੇ ਬਦਾਂ ਨਾਲ ਸਮਝੌਤੇ ਦੀ ਗੁੰਜਾਇਸ਼ ਨਹੀਂ। ਉਨ੍ਹਾਂ ਦੀ ਹਰ ਹਾਲਤ ਵਿੱਚ ਜਾਨ ਮਾਰ ਦਿੱਤੀ ਜਾਵੇ, ਜਾਨ ਜੋ ਸ਼ੈਤਾਨਾਂ ਦੇ ਪੱਖ ਦੀ ਹੈ ਜਾਂ ਮਜ਼੍ਹਬੀਅਤ, ਜੋ ਨਿਰੀ ਪੁਰੀ ਹੈ ਹੀ ਸ਼ੈਤਾਨੀ।

ਹਿੰਦੁਸਤਾਨ ਦੇ ਮਜ਼੍ਹਬ ਵਿੱਚ ਸ਼ੈਤਾਨ ਹੈ ਹੀ ਨਹੀਂ, ਇਕ 'ਭਗਵਾਨ' ਹੀ ਹੈ। ਉਸ ਨੂੰ ਭਾਵੇਂ ਦੈਂਤਾਂ ਨਾਲ ਜਾਂ ਰਾਖਸ਼ਾਂ ਨਾਲ ਜੁੱਧ ਕਰਨੇ ਪੈਂਦੇ ਹਨ ਪਰ ਸਮਝੌਤੇ ਦੀ ਗੁੰਜਾਇਸ਼ ਹਮੇਸ਼ਾਂ ਰਹਿੰਦੀ ਹੈ। ਦੇਵਤੇ ਤੇ ਦੈਂਤ ਲੜ ਪੈਂਦੇ ਹਨ ਪਰ ਸੁਲਹ ਵੀ ਕਰ ਲੈਂਦੇ ਹਨ। ਪਰ ਦੈਂਤ ਅਤੇ ਹਰ ਰਾਖਸ਼ ਅੰਦਰੋਂ ਭੈੜਾ ਨਹੀਂ, ਚਾਹੇ ਉਸਦੇ ਬਾਹਰਲੇ ਕਰਮ ਘ੍ਰਿਣਤ ਹੋ ਗਏ ਹਨ। ਅਸੀਂ ਏਸ ਗੱਲ ਨੂੰ ਜ਼ਿਆਦਾ ਸਪੱਸ਼ਟ ਰਾਜਾ ਹਿਰਣਕਸ਼ਯਪ ਦੀ ਕਥਾ ਤੋਂ ਕਰ ਸਕਦੇ ਹਾਂ।

ਰਾਜਾ ਹਿਰਣਕਸ਼ਯਪ ਦੈਂਤਾਂ ਦਾ ਰਾਜਾ ਸੀ। ਇਸ ਨੇ ਸਾਰੇ ਦੇਸ਼ ਜਿੱਤ ਲਏ। ਦੇਵ ਪੁਰੀ ਤੋਂ ਇੰਦਰਪੁਰੀ ਵਿੱਚ ਆਪਣਾ ਰਾਜ ਜਮਾ ਲਿਆ। ਦੇਵਤੇ ਅਤੇ ਉਨ੍ਹਾਂ ਦਾ ਰਾਜਾ ਅੰਦਰ ਥਰ ਥਰ ਕੰਬਦੇ ਫਿਰਨ, ਤੇ ਉਨ੍ਹਾਂ ਦੇ ਰਹਿਣ ਦਾ ਕੋਈ ਠਿਕਾਣਾ ਨਾ ਰਿਹਾ। ਹਿਰਣਕਸ਼ਯਪ ਨੇ ਹੁਣ ਆਪਣੇ ਵਿਰੋਧ ਦਾ ਨਿਸ਼ਾਨਾ ਭਗਵਾਨ ਨੂੰ ਬਣਾਇਆ ਜੋ ਦੇਵਤਿਆਂ ਦਾ ਵੱਡਾ ਹਿਮੈਤੀ ਸੀ। ਭਗਵਾਨ ਨੂੰ ਬੜੀ ਮੁਸ਼ਕਲ ਪਈ। ਉਹ ਲੁਕਦਾ ਫਿਰੇ, ਪਰ ਜਿੱਥੇ ਜਾਵੇ ਹਿਰਣਕਸ਼ਯਪ ਉਸ ਦੇ ਮਗਰੇ ਮਗਰ। ਉਸਦੇ ਲੁਕਣ ਲਈ ਕੋਈ ਥਾਂ, ਕੋਈ ਟਿਕਾਣਾ ਬਾਕੀ ਨਾ ਰਿਹਾ। ਹਿੰਦੁਸਤਾਨ ਦਾ ਇਹ ਭਗਵਾਨ ਓਹੋ ਹੀ ਹੈ ਜਿਸਨੂੰ ਹੁਣ ਅਸੀਂ ਰੱਬ ਆਖਦੇ ਹਾਂ। ਛੇਕੜ ਭਗਵਾਨ ਨੂੰ ਆਪਣੇ ਲੁਕਣ ਲਈ ਇਕ ਥਾਂ ਖਿਆਲ ਵਿੱਚ ਆਈ, ਪਰ ਇਹ ਵੀ ਬੜੀ ਤੜਫਵੀਂ ਸੋਚ ਦੇ ਮਗਰੋਂ ਓਹ ਦੈਂਤ ਦੇ ਦਿਲ ਦੇ ਅੰਦਰ ਜਾ ਕੇ ਲੁਕ ਗਿਆ ਤੇ ਉਸਦੀ ਕਹਿਰ ਦੀ ਨਜ਼ਰ ਤੋਂ ਉਹਲੇ ਹੋ ਗਿਆ (ਭਗਵਾਨ ਨੇ ਵਿਚਾਰ ਕੀਆ ਕਿ ਮੈਂ ਜਹਾਂ ਭੀ ਜਾਊਂਗਾ ਯਹ ਵਹੀਂ ਚਲਾ ਜਾਏਗਾ ਅਰ ਜੈਸੇ ਮੌਤ ਪ੍ਰਾਣੀਓਂ ਕਾ ਪੀਛਾ ਨਹੀਂ ਛੋੜਤੀ ਵੈਸੇ ਹੀ ਯਿਹ ਮੇਰਾ ਪੀਛਾ ਨਹੀਂ ਛੋੜੇਗਾ। ਜਿਸ ਲਈ ਮੁਝੇ ਇਸ ਬਾਹਿਰੀ ਦ੍ਰਿਸ਼ਟੀ ਵਾਲੇ ਕੇ ਹਿਰਦੇ ਮੇਂ ਹੀ ਪ੍ਰਵੇਸ਼ ਕਰਨਾ ਚਾਹੀਏ। (ਸ੍ਰੀ ਮਦ ਭਾਗਵਤ ੮ ੧੯, ੮-੯)

ਦੈਂਤ ਸਦਾ ਬਾਹਰਮੁਖੀ ਹੈ। ਓਹ ਕਦੇ ਆਪਣੇ ਅੰਦਰ ਝਾਤ ਨਹੀਂ ਪਾਉਂਦਾ।

ਉਹ ਦੈਂਤ ਹੀ ਏਸੇ ਕਰਕੇ ਹੈ ਕਿ ਬਾਹਰਮੁਖੀ ਹੈ । ਜੇ ਅੰਤਰਮੁਖੀ ਹੋ ਜਾਵੇ ਤਦ ਦੇਵਤਾ ਹੈ, ਫੇਰ ਦੈਂਤ ਕਾਹਦਾ?

ਹਿੰਦੁਸਤਾਨ ਦਾ ਨੁਕਤਾ ਨਿਗਾਹ ਇਹ ਹੈ ਕਿ ਹਰ ਸ਼ੈ ਜੋ ਭੈੜੀ ਹੈ ਉਹ ਕੇਵਲ ਉਪਰੋਂ ਭੈੜੀ ਹੈ, ਉਸਦੇ ਅੰਦਰ ਜੋ ਸਾਰ ਵਸਤੂ ਹੈ ਉਹ ਸੱਚੀ ਤੇ ਸੁੱਚੀ ਹੈ। ਇਸਦੇ ਉਲਟ ਸ਼ਰੱਈ ਮੁਸਲਮਾਨ ਅੰਦਰੋਂ ਬਾਹਰੋਂ ਸ਼ੈਤਾਨ ਨੂੰ ਸ਼ੈਤਾਨ ਸਮਝਦੇ ਹਨ। ਹਿੰਦੁਸਤਾਨੀ ਨੁਕਤਾ ਨਿਗਾਹ ਵਿੱਚ ਬਸ ਏਹੋ ਫਰਕ ਹੈ। ਇਸ ਦੇ ਮੁਤਾਬਕ ਹਰ ਬਦੀ ਦੇ ਹੇਠ ਕੋਈ ਨੇਕੀ ਲੁਕੀ ਹੋਈ ਹੈ ਤੇ ਹਰ ਭੈੜ ਦੇ ਅੰਦਰਲੇ ਹਿੱਸੇ ਵੱਲ ਕੋਈ ਚੰਗਿਆਈ ਹੁੰਦੀ ਹੈ। ਹਰ ਦੈਂਤ ਆਪਣੇ ਹੀ ਓਹਲੇ ਦੇਵਤਾ ਹੈ।

ਸਿੱਖ ਨੁਕਤਾ ਨਿਗਾਹ ਵੀ ਏਹੋ ਹੀ ਹੈ :-

"ਬੁਰਾ ਨਹੀਂ ਸਭ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ"।।

ਪਰ ਮੁਸਲਮਾਨੀ ਵੀ ਦੋ ਕਿਸਮ ਦੀ ਹੈ। ਇਕ ਸ਼ਰੀਅਤ ਵਾਲੀ ਤੇ ਦੂਜੀ ਹਕੀਕਤ ਵਾਲੀ। 'ਸ਼ਰਈ' ਮੁਸਲਮਾਨ ਪੱਕੇ ਕੱਟੜ ਮੁਸਲਮਾਨ ਹਨ। 'ਹਕੀਕੀ' ਮੁਸਲਮਾਨ ਆਜ਼ਾਦ ਖਿਆਲ ਹਨ, ਸੂਫੀ ਰੰਗਣ ਵਾਲੇ, ਖੁੱਲ੍ਹ ਦਿਲੇ, ਬੁੱਲ੍ਹੇ ਵਰਗੇ ਫਕੀਰ ਤੇ ਰਿੰਦ। 'ਹਕੀਕੀ' ਮੁਸਲਮਾਨ ਸ਼ਰ੍ਹਾ ਦੀ ਕੈਦ ਤੋਂ ਤਾਂ ਪਰ੍ਹੇ ਚਲੇ ਜਾਂਦੇ ਹਨ ਪਰ ਸ਼ਰੱਈਆਂ ਦੀ ਕੈਦ ਤੋਂ ਨਹੀਂ।

ਔਰੰਗਜ਼ੇਬ ਪੱਕਾ ਸ਼ਰੱਈ ਸੀ। ਉਸਦੇ ਬੰਦੀ ਖਾਨੇ ਵਿੱਚ ਇਕ ਸਰਮੱਦ ਨਾਮ ਦਾ ਫਕੀਰ ਸੀ। ਸਰਮੱਦ ਮੁਸਲਮਾਨ ਸੀ, ਪਰ ਸੀ ਆਜ਼ਾਦ ਤਬੀਅਤ। ਇਸ ਦਾ ਕਸੂਰ ਏਹੋ ਸੀ ਕਿ ਇਹ ਸ਼ਰ੍ਹਾ ਦਾ ਪਾਬੰਦ ਨਹੀਂ ਸੀ।

ਇਕ ਸ਼ਰ੍ਹਾ ਦੀ ਜਕੜ ਵਿਚੋਂ ਨਿਕਲੇ ਹੋਏ ਮੁਸਲਮਾਨ ਦਾ ਨੁਕਤਾ ਨਿਗਾਹ ਵੈਸਾ ਹੀ ਹੋ ਜਾਂਦਾ ਹੈ ਜੈਸਾ ਇਕ ਸੱਚੇ ਹਿੰਦੁਸਤਾਨੀ ਫਿਲਾਸਫਰ ਦਾ। ਸਰਮੱਦ ਲਈ ਹੁਕਮ ਹੋਇਆ ਕਿ ਜਾਂ ਤਾਂ ਉਹ ਸ਼ਰਅ ਦੀ ਰਹਿਤ ਮਰਿਯਾਦਾ ਵਿੱਚ ਰਵ੍ਹੇ ਜਾਂ ਕਤਲ ਕੀਤਾ ਜਾਏਗਾ।

ਆਖ਼ਰ ਸਰਮੱਦ ਦੇ ਕਤਲ ਲਈ ਜੱਲਾਦ ਆਉਂਦਾ ਹੈ। ਜੱਲਾਦ ਨੂੰ ਵੇਖਕੇ ਕੰਬ ਜਾਣਾ ਇਕ ਸੁਭਾਵਕ ਗੱਲ ਹੈ ਪਰ ਸਰਮੱਦ ਦਾ ਸੁਭਾਉ ਬਦਲ ਚੁੱਕਾ ਸੀ, ਉਸ ਦੀ ਦ੍ਰਿਸ਼ਟੀ ਪਾਰਦਰਸ਼ਕ ਸੀ। ਉਸ ਨੂੰ ਹਰ ਬੁਰਿਆਈ ਹੇਠ ਚੰਗਿਆਈ ਦਿਸ ਪੈਂਦੀ ਸੀ। ਉਸ ਨੂੰ ਜੱਲਾਦ ਦੇ ਅੰਦਰ ਉਹ ਲੁਕਿਆ ਹੋਇਆ ਰੱਬ ਦਿੱਸਣ ਲੱਗ ਪਿਆ, ਜੋ ਦੈਂਤ ਦੇ ਹਿਰਦੇ ਵਿੱਚ ਜਾ ਛੁਪਿਆ ਸੀ। ਸਰਮੱਦ ਨੇ

ਜੱਲਾਦ ਵਲ ਬਾਹਾਂ ਉਲਾਰਕੇ ਅਤੇ ਬੜੀ ਮਸਤੀ ਵਿੱਚ ਝੂਮਕੇ ਐਉਂ ਕਿਹਾ : ਆ, ਆ, ਐ ਮੇਰੇ ਮਹਿਬੂਬ ਆ, ਤੈਥੋਂ ਸਦਕੇ! ਮੈਂ ਤੈਨੂੰ ਪਛਾਣਦਾ ਹਾਂ, ਤੂੰ ਇਸ ਵੇਸ ਵਿੱਚ ਵੀ ਆਵੇਂ ਮੈਨੂੰ ਕਬੂਲ ਹੈ (ਫਿਦਾਏ ਤੋਂ ਸ਼ਵਮ, ਬਿਆ, ਬਿਆ, ਬ-ਹਰ ਸੂਰਤੇ ਕਿ ਮੇ ਆਈ ਮਨ ਤੁਰਾ ਖ਼ੂਬ ਮੇ ਸ਼ਨਾਸਮ)।

ਸਰਮੱਦ ਦਾ ਨੁਕਤਾ ਨਿਗਾਹ ਹਿੰਦੂ-ਫਿਲਾਸਫੀ ਦਾ ਨੁਕਤਾ ਨਿਗਾਹ ਸੀ। ਜੋ ਸਰਮੱਦ ਨੂੰ ਜੱਲਾਦ ਦੇ ਹਿਰਦੇ ਅੰਦਰ ਰੱਬ ਦਿੱਸ ਸਕਦਾ ਸੀ ਤਾਂ ਉਨ੍ਹਾਂ ਵਕਤਾਂ ਵਿੱਚ ਸਰਮੱਦ ਕੋਲੋਂ ਇਕ ਹੋਰ ਵੱਡਾ ਗਿਆਨੀ ਮੌਜੂਦ ਸੀ। ਉਸ ਬ੍ਰਹਮ ਗਿਆਨੀ ਦਾ ਨਾਮ ਸੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ। ਉਨ੍ਹਾਂ ਹੀ ਵਕਤਾਂ ਵਿੱਚ ਇਕ ਹੋਰ ਵੱਡਾ ਜੱਲਾਦ ਸੀ ਜੋ ਬਹੁਤ ਵਧੀਕ ਖ਼ੂੰ-ਖ਼ਾਰ ਸੀ, ਇਹ ਸੀ ਔਰੰਗਜ਼ੇਬ। ਏਸ ਜਲਾਦ ਦੇ ਹੱਥ ਮਾਸੂਮ ਬੱਚਿਆਂ ਦੇ ਲਹੂ ਨਾਲ ਲਾਲ ਸਨ। ਏਸ ਜੱਲਾਦ ਦੀਆਂ ਅੱਖਾਂ ਵਿਚੋਂ ਉਹ ਅੱਗ ਵਸਦੀ ਸੀ, ਜਿਸਨੇ ਹਿੰਦ ਦੀ ਸਭਿਅਤਾ ਦੀ ਕੋਮਲ ਫੁਲਵਾੜੀ ਝੁਲਸ ਸੁੱਟੀ ਸੀ।

ਹਿੰਦੂ ਟੱਕਰਾਂ ਮਾਰ ਮਾਰ ਕੇ ਰੋਂਦੇ ਸਨ ਕਿ ਸਾਡਾ ਪਰਮੇਸ਼ਰ ਕਿੱਥੇ ਹੈ ਜੋ ਐਸ ਵੇਲੇ ਨਹੀਂ ਬਹੁੜਦਾ। ਕੇਵਲ ਇਕ ਨੂੰ ਹੀ ਪਤਾ ਸੀ ਕਿ ਉਹ ਐਸ ਵੇਲੇ ਕਿੱਥੇ ਛੁਪਿਆ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਚਿੱਠੀ ਲਿਖੀ, ਉਸ ਦੀਆਂ ਕਾਲੀਆਂ ਕਰਤੂਤਾਂ ਨੰਗੀਆਂ ਕਰਕੇ ਦੱਸ ਦਿੱਤੀਆਂ, ਫੇਰ ਉਸਨੂੰ ਆਪਣੇ ਅੰਦਰ ਝਾਤ ਮਾਰਨ ਦੀ ਪ੍ਰੇਰਨਾ ਕੀਤੀ। ਉਸਦੇ ਅੰਦਰ ਕੀ ਸੀ ?

ਔਰੰਗਜੇਬ ਆਪਣੇ ਜ਼ਮਾਨੇ ਦਾ ਦੈਂਤ ਹਿਰਣਕਸ਼ਯਪ ਸੀ, ਜਿਸਦੇ ਅੰਤਹਕਰਣ ਵਿੱਚ ਰੱਬ ਲੁਕਿਆ ਹੋਇਆ ਸੀ। ਏਸ ਮਨ ਵਿੱਚ ਲੁਕੇ ਰੱਬ ਨੂੰ ਓਹ ਹੀ ਦੇਖ ਸਕਦੇ ਹਨ ਜੋ ਆਪਣੇ ਅੰਦਰ ਵੱਲ ਝਾਤ ਮਾਰਨ, ਆਪਣੇ ਹਿਰਦੇ ਅਕਾਸ਼ ਵਿੱਚ ਉਸਦੀ ਆਵਾਜ਼ ਦੀ ਗੂੰਜ ਸੁਣਨ, ਜਿਸ ਨੂੰ ਜ਼ਮੀਰ (Conscience) ਆਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖਿਆ :-

ਕਿ ਰੋਸ਼ਨ ਜ਼ਮੀਰ ਅਸਤ ਹੁਸਨਲ ਜਮਾਲ।
ਖੁਦਾਵੰਦਿ ਬਖ਼ਸ਼ਿੰਦਹਏ ਮੁਲਕੋ ਮਾਲ ।82।। (ਜ਼ਫਰਨਾਮਾ)

ਇਸ ਦਾ ਭਾਵ ਇਸ ਸੀ : *ਐ ਔਰੰਗਜ਼ੇਬ, ਤੇਰੇ ਅੰਦਰ ਬੀ ਜ਼ਮੀਰ ਦੀ ਰੌਸ਼ਨੀ ਹੈ, ਤੂੰ ਏਸ ਚਾਨਣੇ ਵਿੱਚ ਆਪਣੇ ਅਸਲੀ ਹੁਸਨ ਨੂੰ ਤੱਕ। ਤੂੰ ਨਿਰਾ*

*ਮੁਲਕ ਅਤੇ ਮਾਲ ਦੇ ਖ਼ਜ਼ਾਨਿਆਂ ਦਾ ਮਾਲਕ ਨਹੀਂ, ਜਿਨ੍ਹਾਂ ਦੀ ਰਾਖੀ ਲਈ ਤੂੰ ਜ਼ਾਲਮ ਹੋ ਗਿਆ ਹੋਇਆ ਹੈਂ, ਤੂੰ ਜੇ ਰੋਸ਼ਨ ਜ਼ਮੀਰ ਹੋ ਕੇ ਆਪਣੇ ਅੰਦਰ ਤੱਕੇਂ ਤਦ ਤੈਨੂੰ ਆਪਣਾ ਬਖਸ਼ਿੰਦ ਰੂਪ ਨਜ਼ਰ ਆ ਜਾਏਗਾ।*

ਇਸਦਾ ਅਸਰ ਕੀ ਹੋਇਆ ? ਔਰੰਗਜ਼ੇਬ ਉਨ੍ਹੀਂ ਦਿਨੀਂ ਬੀਮਾਰ ਸੀ, ਇਹ ਚਿੱਠੀ ਉਸਨੂੰ ਬਿਸਤਰੇ ਉਪਰ ਲੇਟੇ ਨੂੰ ਮਿਲੀ। ਚਿੱਠੀ ਵਿਚ ਜਾਦੂ ਸੀ ਜੋ ਉਸਦੀ ਤਵੱਜੋ ਨੂੰ ਖਿੱਚ ਕੇ ਅੰਦਰ ਤੱਕ ਲੈ ਗਿਆ। ਕੀ ਉਸਦੇ ਅੰਦਰ ਬੀ ਜ਼ਮੀਰ ਹੈ ? ਨਹੀਂ, ਨਹੀਂ ਉਸਦੀ ਜ਼ਮੀਰ ਕਿੱਥੇ ? ਉਹ ਤਦ ਪਿਉ ਨੂੰ ਕਿਵੇਂ ਕੈਦ ਵਿਚ ਮਰਵਾ ਸਕਦਾ ਸੀ ? ਉਹ ਤਦ ਵੱਡੇ ਭਰਾਵਾਂ ਨਾਲ ਕਿਵੇਂ ਧ੍ਰੋਹ ਕਮਾ ਸਕਦਾ ਸੀ ? ਉਹ ਇਤਨੇ ਭਾਰੀ ਜ਼ੁਲਮ ਤੇ ਸਿਤਮ ਤਦ ਕਿਵੇਂ ਕਰ ਸਕਦਾ ਸੀ ?

ਪਰ ਗੁਰੂ ਗੋਬਿੰਦ ਸਿੰਘ ਜੀ ਦੀ ਚਿੱਠੀ ਕਿਸੇ ਬੜੇ ਨਾਜ਼ਕ ਵਕਤ ਪਹੁੰਚੀ। ਉਸ ਵੇਲੇ ਉਸਦੀ ਜ਼ਿੰਦਗੀ ਕਿਸੇ ਖੂਹ ਵਿਚ ਥੱਲੇ ਲਹਿ ਰਹੀ ਸੀ, ਉਸ ਦੀਆਂ ਅੱਖਾਂ ਦੀ ਰੌਸ਼ਨੀ ਮੱਧਮ ਹੋ ਰਹੀ ਸੀ। ਗੁਰੂ ਜੀ ਨੇ ਅੰਦਰ ਵਾਰ ਜ਼ਮੀਰ ਦੀ ਰੌਸ਼ਨੀ ਵੱਲ ਰੁਜੂਅ ਕਰ ਦਿੱਤਾ। ਗੁਰੂ ਜੀ ਦੀ ਚਿੱਠੀ ਬੜੀ ਲੰਮੀ ਸੀ। ਉਸ ਵਿਚ ਅੰਦਰ ਦੀ ਖੂਬੀ (ਜੋ ਲੁਕੀ ਹੋਣ ਕਰਕੇ ਵਿਅਰਥ ਸੀ) ਨੂੰ ਬਾਹਰ ਦੀ ਹਵਾ ਲਾਉਣ ਦੀ ਕੋਸ਼ਿਸ਼ ਸੀ। ਚਿੱਠੀ ਵਿਚ ਲਿਖਿਆ ਸੀ :

ਕਿ ਬਖਸ਼ਿਸ਼ ਕਬੀਰ ਅਸਤ ਦਰ ਜੰਗ ਕੋਹ।।
ਮਲਾਯਕ ਸਿਫਤ ਚੂੰ ਸੁਰੱਯਾ ਸ਼ਿਕੋਹ।। 93।।

ਜਿਸ ਦਾ ਭਾਵ ਇਹ ਸੀ ਕਿ ਔਰੰਗਜ਼ੇਬ ਤੂੰ ਜੋ ਜੰਗ ਵਿਚ ਪਹਾੜ ਵਾਂਗ ਪੱਥਰ ਦਿਲ ਹੋ ਕੇ ਖੜਾ ਹੁੰਦਾ ਹੈਂ, ਅੰਦਰ ਤੇਰੇ ਵੀ ਉਹ ਨਰਮਾਈ ਹੈ ਜਿੱਥੇ ਬੜੀ ਵੱਡੀ ਬਖ਼ਸ਼ਿਸ਼ ਵੱਸਦੀ ਹੈ। ਇਹ ਏਸ ਕਰਕੇ ਹੈ ਕਿ ਤੇਰੇ ਅੰਦਰ ਉਨ੍ਹਾਂ ਫਰਿਸ਼ਤਿਆਂ ਦਾ ਗੁਣ ਹੈ ਜਿਨ੍ਹਾਂ ਦਾ ਪ੍ਰਤਾਪ ਤਾਰਿਆਂ ਜੇਡਾ ਉੱਚਾ ਹੈ ।

ਕੀ ਮੇਰੇ ਅੰਦਰ ਵੀ ਕੋਈ ਰੂਹਾਨੀ ਵਡਿਆਈ ਹੈ ? ਔਰੰਗਜ਼ੇਬ ਦਾ ਧਿਆਨ ਚਾਹੇ ਅੰਦਰ ਵੱਲ ਰੁਖ਼ ਕਰ ਗਿਆ ਸੀ, ਮਗਰ ਅੰਦਰਲਾ ਚੰਗੀ ਤਰ੍ਹਾਂ ਫੋਲਣ ਦੀ ਤਾਬ ਉਸ ਵਿਚ ਨਹੀਂ ਸੀ। ਪਰ ਏਸ ਕਸ਼ਮਕਸ਼ ਵਿਚ ਜ਼ਮੀਰ ਦੀ ਮੱਧਮ ਰੌਸ਼ਨੀ ਬਾਹਰ ਵਲੋਂ ਰੁਖ ਕਰ ਰਹੀ ਸੀ। ਉਸਨੂੰ ਆਪਣਾ ਬਾਹਰਲਾ ਕਾਲਾਪਨ ਇਕ ਡਰਾਉਣੀ ਨੰਗੇਜ਼ ਵਿਚ ਦਿੱਸਣ ਲੱਗ ਪਿਆ। ਉਸ ਨੇ ਘਬਰਾ ਕੇ ਆਪਣੇ ਮੁਨਸ਼ੀ ਨੂੰ ਆਵਾਜ਼ ਦਿੱਤੀ ਤੇ ਇਕ ਰੁੱਕਾ ਆਪਣੇ ਪੁੱਤਰ ਕਾਮ ਬਖ਼ਸ਼ ਵਲ ਲਿਖਵਾਇਆ।

ਇਬਾਰਤ ਇਹ ਸੀ :-

*"ਮੇਰੇ ਫਰਜ਼ੰਦ ! ਮੇਰੇ ਜਿਗਰ ਬੰਦ..........*

*ਅਬ ਜਬ ਕਿ ਮੈਂ ਸਭ ਸੇ ਜੁਦਾ ਹੋ ਰਹਾ ਹੂੰ ਤੁਮਹਾਰੀ ਬੇ ਸਰੋ ਸਾਮਾਨੀ ਪਰ ਰਹਿਮ ਆਤਾ ਹੈ, ਮਗਰ ਇਸ ਸੇ ਕਿਆ ਫਾਇਦਾ ! ਭਲਾ ਯਾ ਬੁਰਾ ਜੋ ਕੁਛ ਬੀ ਕੀਆ ਅਪਨੇ ਸਾਥ ਲੀਏ ਜਾ ਰਹਾ ਹੂੰ। ਅਜਬ ਕ੍ਰਿਸ਼ਮਾ ਹੈ ਕਿ ਤਨਹਾ ਆਇਆ ਥਾ ਔਰ ਅਬ 'ਐਮਾਲ ਕਾਫਲੇ' ਕੇ ਸਾਥ ਜਾ ਰਹਾ ਹੂੰ......"*

ਇਤਨਾ ਖ਼ਤ ਲਿਖਵਾਕੇ ਬਾਦਸ਼ਾਹ ਨੂੰ ਡੋਬ ਪੈ ਗਿਆ, ਉਸ ਵਿਚ ਤਾਬ ਨਹੀਂ ਸੀ ਕਿ ਆਪਣੇ ਕਰਮਾਂ ਦੇ ਕਾਲੇ ਕੱਪੜੇ ਉਪਰ ਭਰਕੇ ਨਜ਼ਰ ਮਾਰ ਸਕੇ। ਉਸਦਾ ਧਿਆਨ ਫੇਰ ਉਸ ਚਿੱਠੀ ਵਲ ਚਲਾ ਗਿਆ ਜੋ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਈ ਸੀ। ਇਹ ਹਿੰਦੂਆਂ ਦੇ ਪੀਰ ਵੱਲੋਂ ਸੀ ਜੋ ਡੁੱਬਦੇ ਨੂੰ ਸਲਾਮਤੀ ਦਾ ਕਿਨਾਰਾ ਨਜ਼ਦੀਕ ਹੀ ਦਿਖਾ ਰਹੀ ਸੀ। ਉਸਨੇ ਨੀਮ ਬੇਹੋਸ਼ੀ ਦੀ ਹਾਲਤ ਵਿਚ ਲਿਖਵਾਇਆ :

"ਸਿਵਾਏ ਖ਼ੁਦਾਏ ਲਾਜ਼ਵਾਲ ਕੇ ਔਰ ਕੋਈ ਨਜ਼ਰ ਨਹੀਂ ਆਤਾ।"

ਘੜੀ ਦੀ ਘੜੀ ਔਰੰਗਜ਼ੇਬ ਏਸ ਨਜ਼ਾਰੇ ਵਿਚ ਮਸਤ ਰਿਹਾ। ਹੋਸ਼ ਫੇਰ ਪੂਰੀ ਪਰਤ ਆਈ ਤੇ ਲਿਖਵਾਉਣਾ ਸ਼ੁਰੂ ਕੀਤਾ :-

*"ਲਸ਼ਕਰ ਔਰ ਸਿਪਾਹ ਕੀ ਫਿਕਰ ਔਰ ਆਖ਼ਰਤ ਕੇ ਅਜ਼ਾਬ ਕਾ ਖਿਆਲ ਮਲਾਲੇ ਖ਼ਾਤਰ ਕਾ ਬਾਇਸ ਹੋਤਾ ਹੈ (ਮੌਤ ਦੇ ਦੁਖ ਦਾ ਖਿਆਲ ਦਿਲ ਨੂੰ ਸ਼ੋਕਾਤੁਰ ਕਰ ਰਿਹਾ ਹੈ)। ਮੁਝੇ ਅਪਨਾ ਪਤਾ ਨਹੀਂ। ਗੁਨਾਹ ਬਹੁਤ ਕੀਏ ਹੈਂ ਮਾਲੂਮ ਨਹੀਂ ਕਿਸ ਸਜ਼ਾ ਮੇਂ ਗ੍ਰਿਫਤਾਰ ਹੂੰਗਾ...... ।"*

ਔਰੰਗਜ਼ੇਬ ਦੀ ਇਹ ਆਖ਼ਰੀ ਚਿੱਠੀ ਸੀ, ਜਿਸ ਵੇਲੇ ਜੀਵਨ ਹਾਰ ਮੰਨ ਰਿਹਾ ਸੀ ਤੇ ਮੌਤ ਆਪਣੀ ਜਿੱਤ ਦਾ ਡੰਕਾ ਵਜਾਉਣ ਲਈ ਤਿਆਰ ਹੋ ਰਹੀ ਸੀ। ਮਰਨ ਦਾ ਵੇਲਾ ਸਭ ਦਾ ਇਕ ਦਰਦਨਾਕ ਮੌਕਾ ਹੁੰਦਾ ਹੈ, ਪਰ ਇਕ ਬਾਦਸ਼ਾਹ ਨੂੰ ਆਪਣੇ ਚਲਾਣੇ ਵਿਚ ਅਜਬ ਵੇਦਨਾ ਪ੍ਰਤੀਤ ਹੁੰਦੀ ਹੈ। ਬੁਖਾਰ ਹੁਕਮ ਨਹੀਂ ਮੰਨਦਾ, ਦਰਦ ਉਸਦੇ ਸ਼ਾਹੀ ਫੁਰਮਾਨ ਦੀ ਆਵਾਜ਼ ਨਹੀਂ ਸੁਣਦੀ। ਸਭ ਤੋਂ ਇਤਬਾਰੀ ਚੀਜ਼ ਆਪਣਾ ਦਿਲ ਸੀ, ਉਸਦੀ ਹਰਕਤ ਵਿਚ ਵੀ ਬਾਗ਼ੀਪੁਣਾ ਹੈ। ਹੁਣ ਕੌਣ ਹੈ ਜੋ ਸਾਥ ਦੇਵੇ ?

ਜਿਨ੍ਹਾਂ ਹਿੰਦੂਆਂ ਉਪਰ ਜ਼ੁਲਮ ਕੀਤੇ ਸਨ ਉਨ੍ਹਾਂ ਦਾ ਪੀਰ ਹੀ ਐਸ ਵੇਲੇ

ਆਪਣੀ ਚਿੱਠੀ ਵਿਚ ਸ਼ਾਂਤੀ ਦੇ ਲਫਜ਼ ਲਿਖ ਰਿਹਾ ਹੈ। ਉਸਨੂੰ ਖਿਆਲ ਆਇਆ ਕਿ ਹਿੰਦੂਆਂ ਦੀ ਇਕ ਚੀਜ਼ ਹੋਰ ਮੇਰੇ ਪਾਸ ਹੈ, ਉਹ ਹੈ ਬੇਗਮ ਉਦੇਪੁਰੀ ਜੋ ਮੇਰੇ ਨਾਲ ਹੀ ਬੀਮਾਰ ਪਈ ਹੈ, ਜੋ ਮੈਨੂੰ ਕਦੇ ਇਕੱਲਿਆਂ ਨਹੀਂ ਛੱਡਣ ਲੱਗੀ। ਜੋ ਮੇਰੇ ਸਾਥ ਹੀ ਮਰ ਜਾਏਗੀ ਜਾਂ ਪਿੱਛੋਂ ਸਤੀ ਹੋ ਜਾਏਗੀ। ਉਸ ਨੇ ਫੇਰ ਚਿੱਠੀ ਵਿਚ ਇਸ ਬੇਗਮ ਦਾ ਜ਼ਿਕਰ ਛੇੜ ਦਿੱਤਾ ਤੇ ਲਿਖਵਾਇਆ :-

*"ਬੇਗਮ ਕਾ ਹਾਲ ਉਸਕੋ ਹੀ ਮਾਲੂਮ ਹੈ। ਤੁਮ੍ਹਾਰੀ ਮਾਂ ਉਦੈਪੁਰੀ ਬੀਮਾਰੀ ਮੇਂ ਮੇਰੇ ਸਾਥ ਹੈ ਔਰ ਮੇਰੇ ਸਾਥ ਹੀ ਜਾਨੇ ਕਾ ਇਰਾਦਾ ਰਖਤੀ ਹੈ .......... ਵੱਸਲਾਮ।"*

(ਵਕਾਇ ਆਲਮਗੀਰ, ਉਰਦੂ ਸਫਾ ੭੧-੭੨)

ਅਜ ਤੋਂ ਵੀਹ ਸਾਲ ਪਹਿਲੇ ਮੈਨੂੰ ਇਤਫਾਕ ਹੋਇਆ ਇਕ ਪਿੰਡ ਵਿਚ ਜਾਣ ਦਾ, ਜਿਸ ਦਾ ਨਾਮ ਖੁਲਦਾਬਾਦ ਹੈ। ਇਹ ਹੈਦਰਾਬਾਦ ਦੱਖਣ ਵਿਚ ਔਰੰਗਾਬਾਦ ਰੇਲਵੇ ਸਟੇਸ਼ਨ ਤੋਂ ਉਸ ਪੱਕੀ ਸੜਕ ਉਪਰ ਕੁਛ ਕੋਹਾਂ ਦੀ ਵਾਟ ਉੱਤੇ ਹੈ ਜੋ ਸੜਕ ਪ੍ਰਸਿੱਧ ਈਲੋਰਾ ਦੇ ਕੰਦ੍ਰਾ-ਮੰਦਰਾਂ ਵੱਲ ਗਈ ਹੈ। ਖੁਲਦਾਬਾਦ ਵਿਚ ਔਰੰਗਜ਼ੇਬ ਦਾ ਮਕਬਰਾ ਹੈ ਜੋ ਬਹੁਤ ਹੀ ਸਾਦਾ ਬਣਿਆ ਹੋਇਆ ਹੈ। ਏਸ ਮਕਬਰੇ ਦੀ ਮਹਿਰਾਬ ਉਪਰ ਮੇਰਾ ਦਿਲ ਸੀ ਕਿ ਇਹ ਸਤਰਾਂ ਉੱਕਰ ਦਿੱਤੀਆਂ ਜਾਣ, ਜੋ ਗੁਰੂ ਗੋਬਿੰਦ ਸਿੰਘ ਵਰਗੇ ਨਿਰਪੱਖ ਹਿਰਦੇ ਵਿਚੋਂ, ਇਕ ਮਨੁੱਖ ਨੂੰ ਉਸਦਾ ਅੰਦਰਲਾ ਸਾਖਯਾਤ ਕਰਾਉਣ ਲਈ ਨਿਕਲੀਆਂ ਸਨ :-

ਕਿ ਹੁਸਨਲ ਜਮਾਲ ਅਸਤ ਰੌਸ਼ਨ ਜ਼ਮੀਰ।
ਖੁਦਾਵੰਦ ਮੁਲਕ ਅਸਤ ਸਾਹਿਬ ਅਮੀਰ। (ਜ਼ਫਰਨਾਮਾ)

ਦੈਂਤ ਹਿਰਣਕਸ਼ਯਪ ਨੇ ਅੰਦਰ ਲੁਕੇ ਭਗਵਾਨ ਨੂੰ ਕਿਸ ਤਰ੍ਹਾਂ ਪਕੜਿਆ, ਇਹ ਬੜਾ ਲੰਮਾ ਚੌੜਾ ਪੌਰਾਣਕ ਵਿਗਿਆਨ ਦਾ ਵਿਸ਼ਾ ਹੈ। ਪਰ ਇਹ ਕਰਤੱਵ ਗੁਰੂ ਗੋਬਿੰਦ ਸਿੰਘ ਦਾ ਸੀ ਕਿ ਉਸ ਨੇ ਔਰੰਗਜ਼ੇਬ ਨੂੰ ਰੌਸ਼ਨ ਜ਼ਮੀਰੀ ਦੇ ਪ੍ਰਕਾਸ਼ ਵਿਚ ਅੰਦਰਲਾ ਪ੍ਰਤੱਖ ਕਰਵਾ ਦਿੱਤਾ। ਗੁਰੂ ਜੀ ਦੀ ਔਰੰਗਜ਼ੇਬ ਵੱਲ ਭੇਜੀ ਚਿੱਠੀ ਬਹੁਤ ਹੈਰਾਨ ਕਰਨ ਵਾਲੀ ਚੀਜ਼ ਹੈ। ਇਹ ਉਨ੍ਹਾਂ ਦੀ ਇਕ ਬਹੁਤ ਵੱਡੀ ਸਿੱਧੀ (Achievement) ਹੈ। ਗੁਰੂ ਜੀ ਨੇ ਇਕ ਸੱਯਦ ਨੂੰ ਤਲਵਾਰ ਦੱਸੀ ਸੀ ਕਿ ਇਹ ਕਰਾਮਾਤ ਹੈ। ਪਰ ਉਨ੍ਹਾਂ ਦੀ ਔਰੰਗਜ਼ੇਬ ਵੱਲ ਚਿੱਠੀ ਕਿਸੇ ਤਰ੍ਹਾਂ ਘੱਟ ਨਹੀਂ, ਇਹ ਸੀ-ਕਲਮ ਦੀ ਕਰਾਮਾਤ ।

(ਪੰਚ ਬੱਟੀ ਸੰਦੇਸ਼ ਵਿਚੋਂ ਧੰਨਵਾਦ ਸਹਿਤ)

# 18ਵੀਂ ਸਦੀ ਦੇ ਸਾਕੇ

18ਵੀਂ ਸਦੀ ਵਿਚ ਪੰਜਾਬ ਉੱਤੇ ਇਕ ਅਦੁੱਤੀ ਇਨਕਲਾਬੀ ਦੌਰ ਵਰਤ ਰਿਹਾ ਸੀ। ਇਹ ਦੌਰ ਸ਼ਹਿਨਸ਼ਾਹ ਔਰੰਗਜ਼ੇਬ ਦੇ ਕਾਲ ਵਿਚ ਹੋਈ ਗੁਰੂ ਤੇਗ ਬਹਾਦਰ ਦੀ (ਦਿੱਲੀ ਦੇ ਚਾਂਦਨੀ ਚੌਂਕ ਵਿਖੇ) ਸ਼ਹਾਦਤ ਨਾਲ ਸ਼ੁਰੂ ਹੋਇਆ। ਪੰਜਾਬ ਵਿਚ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਜਨਤਕ ਵਿਦਰੋਹ ਦੀ ਲਹਿਰ ਉੱਠੀ ਅਤੇ ਉਸ ਨੇ ਸਫਲਤਾ ਵੱਲ ਕਈ ਕਦਮ ਚੁੱਕੇ। 1710 ਵਿਚ ਸਰਹੰਦ ਫਤਹਿ ਕੀਤੀ ਗਈ। ਉਪਰੰਤ ਬੰਗਾ ਅਤੇ ਜਲੰਧਰ ਦੇ ਦੁਆਬਿਆਂ ਵਿਚ ਸਿੱਖ ਜਿੱਤਾਂ ਹੋਈਆਂ। ਫਿਰ ਗੁਰਦਾਸਪੁਰ ਦਾ ਇਲਾਕਾ ਛੇਤੀ ਹੀ ਮਾਰ ਲਿਆ ਗਿਆ। 29 ਫਰਵਰੀ 1716 ਨੂੰ ਬੰਦੇ ਦੇ 740 ਸਿੱਖ ਸਿਪਾਹੀਆਂ ਨੂੰ ਦਿੱਲੀ ਵਿਚ ਬਰਬਰੀ ਤਰੀਕਿਆਂ ਨਾਲ ਕਤਲ ਕੀਤਾ ਗਿਆ। ਕੁਝ ਮਹੀਨਿਆਂ ਪਿਛੋਂ ਬੰਦਾ ਸਿੰਘ ਤੇ ਉਸ ਦੇ 26 ਚੋਣਵੇਂ ਸਾਥੀ ਸਿੱਖਾਂ ਨੂੰ ਬੁਰੀ ਤਰ੍ਹਾਂ ਜਾਨੋਂ ਮਾਰਿਆ ਗਿਆ। ਇਸ ਤੋਂ ਪਿਛੋਂ ਪੰਜਾਬ ਅਤੇ ਦਿੱਲੀ ਦੀਆਂ ਮੁਗਲ ਸਰਕਾਰਾਂ ਵਲੋਂ ਸਿੱਖਾਂ ਉੱਤੇ ਵਹਿਸ਼ੀ ਤਸ਼ੱਦਦ ਦੀ ਕਹਾਣੀ ਅੱਗੇ ਤੁਰਦੀ ਹੈ। ਅਬਦਲ ਸਮੱਦ, ਜ਼ਕਰੀਆ ਖ਼ਾਂ ਅਤੇ ਉਸ ਦੇ ਬੇਟੇ ਯਹੀਆ ਖਾਂ ਦੁਆਰਾ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਦੀਆਂ ਕਾਰਵਾਈਆਂ ਹੋਂਦ ਵਿਚ ਆਈਆਂ। ਪਹਿਲੀ ਵਾਰ ਜ਼ਕਰੀਆ ਖਾਂ ਦੇ ਜ਼ਮਾਨੇ ਵਿਚ ਸਿੱਖਾਂ ਦੇ ਸਿਰਾਂ ਦਾ ਮੁੱਲ ਰਖਿਆ ਗਿਆ। ਤਾਰਾ ਸਿੰਘ ਦੀ ਸ਼ਹੀਦੀ ਹੋਈ। ਭਾਈ ਮਨੀ ਸਿੰਘ ਦੇ 1734 ਵਿਚ ਲਾਹੌਰ ਵਿਖੇ ਬੰਦ ਬੰਦ ਕੱਟੇ ਗਏ। ਇਨ੍ਹਾਂ ਵਿਚ ਅਫਗਾਨਿਸਤਾਨ ਵੱਲੋਂ ਹਿੰਦੁਸਤਾਨ ਉੱਤੇ ਹਮਲੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਦਿਨਾਂ ਹਮਲਿਆਂ ਦੀ ਪਹਿਲੀ ਤੇ ਵੱਡੀ ਮਾਰ ਪੰਜਾਬ ਤੇ ਪੰਜਾਬ ਵਾਸੀਆਂ ਨੂੰ ਹੀ ਝੱਲਣੀ ਪਈ। ਇਥੇ ਵੀ ਮਜ਼ਹੱਬੀ ਵਿਤਕਰਾ ਕਾਇਮ ਰਿਹਾ। 1739 ਵਿਚ ਸਿੱਖ ਜੱਥੇ ਮੁੜਦੇ ਹੋਏ ਨਾਦਰ ਸ਼ਾਹ ਲੁਟੇਰੇ ਨੂੰ ਪੈ ਗਏ। ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੀ ਇਨ੍ਹਾਂ ਸਮਿਆਂ ਵਿਚ ਹੀ ਵੱਢਿਆ ਅਤੇ ਦਰਬਾਰ ਸਾਹਿਬ , ਅੰਮ੍ਰਿਤਸਰ ਤੋਂ ਸਿੱਖ ਜੱਥਿਆਂ ਨੂੰ ਲਿਆ

ਪੇਸ਼ ਕੀਤਾ। ਭਾਈ ਤਾਰੂ ਸਿੰਘ ਦੀ ਖੋਪਰੀ ਰੰਬੀਆਂ ਨਾਲ ਲਾਹੀ ਗਈ। ਨੌਜਵਾਨ ਹਕੀਕਤ ਰਾਏ ਨੂੰ ਵੀ , ਜੋ ਸਹਿਜਧਾਰੀ ਸਿੱਖ ਸੀ , ਇਸੇ ਕਾਲ ਵਿਚ ਕੁਫ਼ਰ ਬੋਲਣ ਦੇ ਦੋਸ਼ ਵਿਚ ਮੌਤ ਦੇ ਘਾਟ ਉਤਾਰਿਆ ਗਿਆ। ਯਹੀਆ ਖਾਂ ਦੇ ਸਮੇਂ 1746 ਵਿਚ ਸਿੱਖ ਇਤਿਹਾਸ ਦਾ ਪਹਿਲਾ ਤੇ ਛੋਟਾ ਘੱਲੂਘਾਰਾ ਵਾਪਰਿਆ। ਗਿਣਤੀ ਦੇ ਸਿੱਖਾਂ ਨੂੰ ਛੱਡ ਬਾਕੀ ਸਭ ਤਲਵਾਰ ਦੇ ਘਾਟ ਉਤਾਰ ਦਿੱਤੇ ਗਏ।

ਨਾਦਰ ਸ਼ਾਹ ਦੇ ਹਮਲੇ ਨੇ ਤਾਰੀਖ ਨੂੰ ਨਵਾਂ ਮੋੜ ਦੇ ਦਿੱਤਾ ਸੀ। ਇਸ ਨੇ ਮੁਗਲ ਸਾਮਰਾਜ ਦਾ ਲੱਕ ਭੰਨ ਸੁੱਟਿਆ ਅਤੇ ਪੰਜਾਬ ਵਿਚ ਹਾਲਤ ਗੜਬੜੀ ਦੀ ਵਾਪਰ ਗਈ। ਦਿੱਲੀ ਦੀ ਪਕੜ ਲਾਹੌਰ ਉੱਤੇ ਢਿੱਲੀ ਪੈ ਗਈ ਸੀ। ਇਸ ਤਰ੍ਹਾਂ ਮੁਸਲਿਮ ਹਾਕਮ ਨਾਲ ਤੁਰੀ ਆ ਰਹੀ ਟੱਕਰ ਨੇ ਦਿੱਲੀ ਦੀ ਥਾਂ ਲਾਹੌਰ ਵੱਲ ਨੂੰ ਰੁਖ਼ ਕਰ ਲਿਆ। ਨਾਦਰ ਪਿਛੋਂ ਅਬਦਾਲੀ ਦੇ ਹਮਲੇ ਹੋਣੇ ਸ਼ੁਰੂ ਹੋ ਗਏ। ਪੰਜਾਬ ਵਿਚ ਰਾਤ ਦਿਨ ਖ਼ੂਨ ਖ਼ਰਾਬਾ ਹੋਣ ਲੱਗਾ। ਦਿੱਲੀ ਦੇ ਮੁਗ਼ਲ ਅਤੇ ਅਫਗਾਨਿਸਤਾਨੀ ਹਮਲਾਵਰ ਪਠਾਣਾਂ ਦੀ ਟੱਕਰ ਵਿਚੋਂ ਸਿੱਖ ਜੱਥਿਆਂ ਦੀ ਜੈ-ਜੈ ਕਾਰ ਦੇ ਮੌਕੇ ਪੈਦਾ ਹੋ ਗਏ। 'ਦਲ ਖਾਲਸਾ' ਹੋਂਦ ਵਿਚ ਆਇਆ। ਮੀਰ ਮੰਨੂੰ ਜਦ ਪੰਜਾਬ ਦਾ ਦਿੱਲੀ ਵਲੋਂ ਗਵਰਨਰ ਥਾਪਿਆ ਗਿਆ ਤਾਂ ਉਸ ਦੀ 1749-50 ਵਿਚ ਅਹਿਮਦ ਸ਼ਾਹ ਅਬਦਾਲੀ ਨਾਲ ਮੁੱਠ-ਭੇੜ ਹੋਈ। ਮੌਕਾ ਦੇਖ ਕੇ ਸਿੱਖਾਂ ਨੇ ਲਾਹੌਰ ਤੇ ਅਧਿਕਾਰ ਕਰ ਲਿਆ ਜਿਸ ਤੇ ਮੀਰ ਮੰਨੂੰ ਨੇ ਮੁੜ ਲਾਹੌਰ ਵਿਚ ਆ ਕੇ ਸਿੱਖ ਸਿਰ ਦੀ ਕੀਮਤ 10 ਰੁਪਏ ਰੱਖ ਦਿੱਤੀ, ਗਸ਼ਤੀ ਦਸਤੇ ਸਿੱਖਾਂ ਦਾ ਤਲਾਮੂਲ ਪੁੱਟਣ ਲਈ ਹਰ ਪਾਸੇ ਨੂੰ ਭੇਜੇ ਗਏ। 1751 ਵਿਚ ਅਬਦਾਲੀ ਦਾ ਤੀਜਾ ਹਮਲਾ ਹੋਇਆ। ਇਸ ਤੇ ਮੀਰ ਮੰਨੂੰ , ਅਬਦਾਲੀ ਅਧੀਨ ਪੰਜਾਬ ਦਾ ਨਵਾਬ ਬਣਿਆ। ਉਸ ਨੇ ਵੱਟ ਖਾ ਕੇ ਸਿੱਖਾਂ ਦਾ ਸਰਬ ਨਾਸ਼ ਕਰਨ ਦੀ ਕਸਮ ਲਈ ਤੇ ਕਾਰਵਾਈ ਆਰੰਭ ਦਿੱਤੀ। ਇਸ ਤੇ ਜੋ ਕੁਝ ਇਸ ਧਰਤੀ ਤੇ ਵਾਪਰਿਆ ਉਹ ਲੂੰ ਕੰਡੇ ਖੜ੍ਹੇ ਕਰ ਦੇਣ ਵਾਲਾ ਹੈ। ਹਰਿਮੰਦਰ ਸਾਹਿਬ ਨੂੰ ਮਲੀਆ ਮੇਟ ਕਰਕੇ ਸਰੋਵਰ ਨੂੰ ਗਊਆਂ ਦਾ ਕਤਲ ਕਰਕੇ ਪੂਰਿਆ ਗਿਆ। ਇਸੇ ਸਿਲਸਿਲੇ ਵਿਚ ਬਾਬਾ ਦੀਪ ਸਿੰਘ ਦੀ ਅਦੁੱਤੀ ਸ਼ਹਾਦਤ ਹੋਈ। ਜਦ ਅਬਦਾਲੀ ਨੇ ਭਾਰਤ ਉੱਤੇ ਪੰਜਵਾਂ ਹਮਲਾ ਕੀਤਾ ਤਾਂ 1757 ਵਿਚ ਪਾਨੀਪਤ

ਦੀ ਤੀਜੀ ਲੜਾਈ ਵਾਪਰੀ । ਜੇਤੂ ਅਬਦਾਲੀ ਨੂੰ ਵਾਪਸੀ ਤੇ ਸਿੱਖ ਜਥਿਆਂ ਨਾਲ ਵਾਹ ਪਿਆ ਤੇ ਉਨ੍ਹਾਂ ਨੇ ਉਸ ਦੇ ਨੱਕ ਵਿਚ ਦਮ ਕਰ ਦਿੱਤਾ। ਅਬਦਾਲੀ ਦਾ ਛੇਵਾਂ ਹਮਲਾ 1762 ਵਿਚ ਹੋਇਆ। ਇਸ ਸਮੇਂ ਸਿੱਖ ਇਤਿਹਾਸ ਦਾ ਵੱਡਾ ਘੱਲੂਘਾਰਾ ਕੁਪ-ਰਹੀੜਾ ਦੇ ਮੈਦਾਨ ਵਿਚ ਵਾਪਰਿਆ, ਜਿੱਥੇ ਅਬਦਾਲੀ ਦੀਆਂ ਫੌਜਾਂ ਨੇ ਸਿੱਖ ਜੱਥਿਆਂ ਨੂੰ ਘੇਰੇ ਵਿਚ ਲੈ ਕੇ ਉਨ੍ਹਾਂ ਦਾ ਤਕਰੀਬਨ ਮੁਕੰਮਲ ਸਫਾਇਆ ਕਰ ਦਿੱਤਾ। ਇਕ ਵਾਰ ਫਿਰ ਬਹੁਤ ਘੱਟ ਸਿੱਖ ਇਸ ਕਤਲੇਆਮ ਤੋਂ ਬਾਅਦ ਜੀਂਦੇ ਬਚ ਸਕੇ। ਦੁਬਾਰਾ ਦਰਬਾਰ ਸਾਹਿਬ ਨੂੰ ਢਾਹਿਆ ਤੇ ਪਲੀਤ ਕਰ ਕੇ ਸਰੋਵਰ ਨੂੰ ਪੂਰ ਦਿੱਤਾ ਗਿਆ। 1766-67 ਵਿਚ ਅਬਦਾਲੀ ਧਾੜਵੀ ਸਿੱਖਾਂ ਨੂੰ ਸੋਧਣ ਲਈ ਪੰਜਾਬ ਤੇ ਫਿਰ ਹਮਲਾਵਰ ਹੋਇਆ। ਇਹ ਉਸ ਦਾ ਆਖਰੀ ਤੇ ਅਸਫਲ ਹਮਲਾ ਸਿੱਧ ਹੋਇਆ ਕਿਉਂਕਿ ਛੇਤੀ ਹੀ 23 ਅਕਤੂਬਰ 1772 ਨੂੰ ਉਸ ਦਾ ਦੇਹਾਂਤ ਹੋ ਗਿਆ।

ਇਸ ਤਰ੍ਹਾਂ 18ਵੀਂ ਸਦੀ ਸਾਰੀ ਦੀ ਸਾਰੀ ਘਿਰਣਾ ਭਰੀਆਂ ਆਪਸੀ ਟੱਕਰਾਂ ਦੀ ਲਹੂ-ਭਿੱਜੀ ਅਟੁਟ ਤੇ ਨਿਰਵਿਘਨ ਦਾਸਤਾਨ ਹੈ। ਨਵੀਂ ਉੱਠੀ ਸਿੱਖ ਜਥੇਬੰਦੀ ਭਾਵੇਂ ਮੁਗ਼ਲਾਂ ਨਾਲ ਜਾਂ ਪਿਛੋਂ ਜਾ ਕੇ ਪਠਾਣਾਂ ਨਾਲ ਦੋ ਦੋ ਹੱਥ ਕਰ ਰਹੀ ਸੀ ਅਤੇ ਉਸ ਦੇ ਸਨਮੁਖ ਨਿਸ਼ਾਨਾ ਵੇਲੇ ਦੀ ਹਕੂਮਤ ਸੀ, ਮੁਗ਼ਲ ਜਾਂ ਪਠਾਣ, ਦੋਹਾਂ ਹਾਲਤਾਂ ਵਿਚ ਮਜ਼ਬ ਕਰਕੇ ਇਕ ਧਿਰ ਸਿੱਖ ਸੀ ਜਿਸ ਨੂੰ ਹਕੂਮਤ ਕਾਫਰ ਆਖਦੀ ਸੀ ਅਤੇ ਦੂਜੀ ਧਿਰ, ਮਜ਼ਹੱਬ ਕਰਕੇ ਮੁਸਲਮਾਨ ਹਾਕਮ ਅਤੇ ਦੂਜੇ ਪਾਸੇ ਮਜ਼ਹੱਬ ਕਰਕੇ ਸਿੱਖ, ਗ਼ੈਰ-ਮੁਸਲਿਮ, ਲਗਾਤਾਰ ਇਕ ਦੂਜੇ ਦਾ ਖ਼ੂਨ ਕਰਨ ਦੀ ਖੇਡ ਖੇਡ ਰਹੇ ਸਨ ਅਤੇ ਸਾਈਂ ਬੁਲ੍ਹੇਸ਼ਾਹ ਦੀਆਂ ਹੱਸਾਸ ਅੱਖਾਂ ਦੇ ਸਾਹਮਣੇ ਇਹ ਖ਼ੂਨੀ ਖੇਡ ਕਈ ਚਿਰ ਖੇਡੀ ਜਾਂਦੀ ਰਹੀ। ਕੁਦਰਤੀ ਹੈ ਕਿ ਇਸ ਅਮਾਨਵੀ ਨੰਗੇ ਨਾਚ ਨੇ ਸਾਈਂ ਜੀ ਦਾ ਮਨੁੱਖਵਾਦੀ ਦਿਲ ਗਿਲਾਨੀ ਨਾਲ ਭਰ ਦਿੱਤਾ ਹੋਵੇਗਾ। ਫਿਰ ਉਹ ਸਮਾਂ ਪ੍ਰਤੱਖ ਹੋਣ ਲੱਗਾ ਜਿਸ ਦੀ ਗਵਾਹੀ ਸਾਈਂ ਹੋਰਾਂ ਇਨ੍ਹਾਂ ਦੋ ਤੁਕਾਂ ਵਿਚ ਦਿੱਤੀ ਹੈ:

ਭੂਰੀਆਂ ਵਾਲੇ ਰਾਜੇ ਕੀਤੇ। ਮੁਗਲਾਂ ਜ਼ਹਿਰ ਪਿਆਲੇ ਪੀਤੇ।

-ਡਾ: ਰਤਨ ਸਿੰਘ ਜੱਗੀ

PL-0765

# ਧਾਰਮਿਕ ਸਾਹਿਤ ਦਾ ਭੰਡਾਰ-ਸਿੱਖ ਬੁੱਕ ਸੈਂਟਰ

*ਸਿੱਖ ਬੁੱਕ ਸੈਂਟਰ*, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ, ਦਾ ਉਹ ਅਦਾਰਾ ਹੈ ਜਿਸਨੇ ਸਰਕਲ ਦੇ ਉਦੇਸ਼ਾਂ ਅਨੁਸਾਰ ਗੁਰਮਤਿ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦੀ ਪ੍ਰਤਿਗਿਆ ਕੀਤੀ ਹੋਈ ਹੈ। ਸਿੱਖ ਬੁੱਕ ਸੈਂਟਰ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਗੁਰਬਾਣੀ ਤੇ ਗੁਰ-ਇਤਿਹਾਸ ਨਾਲ ਜੁੜ ਕੇ ਮਨੁੱਖ ਦੀ ਸ਼ਖਸੀਅਤ ਸ਼ਕਤੀਸ਼ਾਲੀ ਬਣ ਸਕਦੀ ਹੈ, ਮਾਨਵੀ ਖੂਬੀਆਂ ਦੈਵੀ ਖੂਬੀਆਂ ਵਿਚ ਬਦਲ ਸਕਦੀਆਂ ਹਨ, ਦੈਵੀ ਸਭਿਆਚਾਰ ਦੀ ਉਸਾਰੀ ਹੋ ਸਕਦੀ ਹੈ ਅਤੇ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਪ੍ਰਤੀ ਜਾਗਰੂਪ ਹੋ ਕੇ ਓਪਰੀ ਚਮਕ ਦਮਕ ਵਾਲੇ ਪੱਛਮੀ ਸਭਿਆਚਾਰ ਦਾ ਟਾਕਰਾ ਕਰ ਸਕਦੀ ਹੈ। ਸਿੱਖ ਬੁੱਕ ਸੈਂਟਰ, ਕਈ ਛੋਟੇ-ਛੋਟੇ ਪੈਂਫਲਿਟਾਂ ਰਾਹੀਂ, ਸਿੱਖ ਸਭਿਆਚਾਰ ਦੀ ਜਾਣਕਾਰੀ ਦੇਣ ਦੀ ਸੇਵਾ ਕਰ ਰਿਹਾ ਹੈ। ਸਿੱਖ ਬੁੱਕ ਸੈਂਟਰ ਨੇ ਭਾਰਤ ਦੇ ਕੋਨੇ-ਕੋਨੇ ਵਿਚ ਜਾ ਕੇ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਹਨ। ਸਟਾਲ ਤੇ ਪ੍ਰਦਰਸ਼ਨੀਆਂ ਲਗਾਕੇ ਆਮ ਪਾਠਕਾਂ ਤਕ, ਸਿੱਖ ਇਤਿਹਾਸ ਦੀਆਂ ਪੁਸਤਕਾਂ ਪੁਚਾਉਣ ਪ੍ਰਤੀ ਇਸਨੇ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਇਸਨੇ ਕਦੀ ਵੀ ਨਿਰੋਲ ਆਰਥਿਕਤਾ ਨੂੰ ਆਪਣਾ ਨਿਸ਼ਾਨਾ ਨਹੀਂ ਬਣਾਇਆ ਸਗੋਂ ਗੁਰਮਤਿ ਪ੍ਰਚਾਰ ਕਰ ਰਿਹਾ ਹੈ। ਇਸੇ ਕਰਕੇ ਸਿੱਖ ਸੰਗਤਾਂ ਨੇ ਇਸ ਨੂੰ ਹੱਦੋਂ ਵੱਧ ਸਹਿਯੋਗ ਦਿੱਤਾ ਹੈ। ਜਿਸ ਦਾ ਨਤੀਜਾ ਅੱਜ ਸਿੱਖ ਬੁੱਕ ਸੈਂਟਰ ਪਾਸ ਪੁਸਤਕਾਂ ਦਾ ਅਨੰਤ ਭੰਡਾਰ ਜਮ੍ਹਾਂ ਹੋ ਗਿਆ ਹੈ, ਖਾਲਸਾ ਜੀ ਦੇ ਤਿੰਨ ਸੌ ਸਾਲਾ ਦਿਵਸ ਦੀ ਆਮਦ ਤੇ, ਸਰਬੱਤ ਖਾਲਸਾ ਜੀ ਨੂੰ ਬੇਨਤੀ ਹੈ ਕਿ ਆਪਣੇ ਵਿਰਸੇ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰੋ, ਗੁਰੂ ਦੀ ਲਿਵ ਦੇ ਸਾਂਝੀਦਾਰ ਬਣ ਕੇ ਅਨੰਤ ਵਿਕਾਸ ਦੇ ਮਾਰਗ ਤੇ ਪੈ ਜਾਉ ਅਤੇ ਆਪਣੀ ਸੰਭਾਵਨਾ ਤੇ ਸਮਰੱਥਾ ਨੂੰ ਸਿਖਰਾਂ ਤਕ ਉੱਨਤ ਕਰੋ। ਇਸ ਮਨੋਰਥ ਦੀ ਪ੍ਰਾਪਤੀ ਲਈ ਸਿੱਖ ਬੁੱਕ ਸੈਂਟਰ ਗੁਰਬਾਣੀ ਤੇ ਗੁਰ ਇਤਿਹਾਸ ਦੇ ਅਨਮੋਲ ਗਿਆਨ-ਭੰਡਾਰ ਰਾਹੀਂ ਆਪ ਜੀ ਦੀ ਮਦੱਦ ਕਰਨ ਲਈ ਹਮੇਸ਼ਾ ਤਿਆਰ ਬਰ ਤਿਆਰ ਹੈ।

*-ਡਾ: ਇੰਦਰਜੀਤ ਸਿੰਘ 'ਵਾਸੂ', ਫਗਵਾੜਾ*